# ਪੱਥਰ ਕੈਕਟਸ ਤੇ ਕੱਚਾ ਦੁੱਧ

# ਪੱਥਰ ਕੈਕਟਸ ਤੇ ਕੱਚਾ ਦੁੱਧ

**ਮੰਗਲ ਸਿੰਘ ਬਰਾੜ**

**Pathar Cactus Te Kacha Dudh**

*by*

**Mangal Singh Brar**
1568-Street No.1
Ranjit Avenue, Near Bus Stand, Mukatsar
Mob. No. 94173-81112
Phone No. 01633-263342

2011
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2011*
*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-*

## ਸਮਰਪਣ

ਮਾਂ ਬੋਲੀ ਪੰਜਾਬੀ ਨੂੰ ਜਿਸਨੂੰ ਬੋਲਦਿਆਂ
ਸ਼ਹਿਦ ਵਰਗਾ ਸਵਾਦ ਆਉਂਦਾ ਹੈ
ਤੇ ਸੁਣਦਿਆਂ ਰੱਜ ਨਹੀਂ ਆਉਂਦਾ

# ਇਕ ਬਿਜਾਰੇ ਦੀ ਕਾਵਿ-ਕਮਾਈ

ਮੰਗਲ ਸਿੰਘ ਬਰਾੜ ਮੇਰੇ ਬਹੁਤ ਪਿਆਰੇ ਵਿਦਿਆਰਥੀ ਗੁਰਰੀਤ ਦਾ ਸੁਘੜ ਸਿਆਣਾ ਸਾਊ ਬਾਪੂ ਹੈ। ਉਸਦੀ ਜੰਮਣ-ਭੋਂ ਭੰਗਚੜੀ ਪਿੰਡ ਧਿਗਾਣੇ ਰੁਪਾਣੇ ਦੇ ਕੋਲ ਹੈ। ਉਹ ਕਿਸੇ ਸਮੇਂ ਪੰਜਾਬੀ ਦੇ ਅਜ਼ੀਮ ਕਹਾਣੀਕਾਰ ਗੁਰਦੇਵ ਸਿੰਘ ਰੁਪਾਣਾ ਦਾ ਵਿਦਿਆਰਥੀ ਰਿਹਾ ਹੈ। ਉਸਨੂੰ ਯਾਦ ਹੈ ਕਿ ਉਸਦਾ ਜ਼ਹੀਨ ਮਾਸਟਰ ਗੁਰਦੇਵ ਰੁਪਾਣਾ ਕਲਾਸ ਵਿਚ ਹਮੇਸ਼ਾ ਮੰਗਲ ਨੂੰ ਹੀ ਕਿਤਾਬ ਵਿਚੋਂ ਪਾਠ ਪੜ੍ਹਨ ਲਈ ਆਖਦਾ ਕਿਉਂ ਕਿ ਮੰਗਲ ਦਾ ਉਚਾਰਣ ਬੜਾ ਸ਼ੁੱਧ ਸੀ।

ਫਿਰ ਜ਼ਿੰਦਗੀ ਦਾ ਅਗਲਾ ਅਧਿਆਇ ਸ਼ੁਰੂ ਹੋਇਆ। ਵਿਦਿਆਰਥੀ ਮੰਗਲ ਆਪ ਮਾਸਟਰ ਮੰਗਲ ਸਿੰਘ ਬਰਾੜ ਬਣ ਗਿਆ। ਉਸ ਨੇ ਕਿੰਨੇ ਵਿਦਿਆਰਥੀਆਂ ਦੇ ਮਨਾਂ ਵਿੱਚ ਸਾਹਿਤ ਕਲਾ, ਨਿਮਰਤਾ ਤੇ ਪਰਉਪਕਾਰ ਦੇ ਬੀਜ ਬੀਜੇ ਹੋਣਗੇ, ਇਸ ਗੱਲ ਦਾ ਅੰਦਾਜ਼ਾ ਮੈਂ ਉਸਦੇ ਪੁੱਤਰਾਂ ਗੁਰਰੀਤ ਅਤੇ ਦਿਲਜੀਤ ਨੂੰ ਮਿਲ ਕੇ ਲਾਇਆ।

ਹੁਣ ਬਰਾੜ ਸਾਹਿਬ ਨੌਕਰੀ ਵੱਲੋਂ ਸੇਵਾ-ਮੁਕਤ ਹਨ।

ਕੁਝ ਦਿਨ ਪਹਿਲਾਂ ਉਹ ਆਪਣੇ ਬੇਟੇ ਨਾਲ ਮੇਰੇ ਕੋਲ ਆਏ। ਉਨ੍ਹਾਂ ਕੋਲ ਉਨ੍ਹਾਂ ਦੀਆਂ ਕਵਿਤਾਵਾਂ ਦਾ ਖਰੜਾ ਸੀ। ਖਰੜਾ ਫੋਲਿਆ ਤਾਂ ਮੈਨੂੰ ਇੱਕ ਕਵਿਤਾ ਦੇ ਸਿਰਲੇਖ ਨੇ ਰੋਕ ਲਿਆ: ਬਿਜਾਰੇ ਦਾ ਮੰਗਲਾਚਰਣ। ਬਿਜਾਰਾ ਯਾਨੀ ਬੀਜਣ ਵਾਲਾ। ਕਵਿਤਾ ਸ਼ੁਰੂ ਹੁੰਦੀ ਹੈ:

ਅਕਸਰ ਹੀ ਸੁਣੀਦੈ
ਕਿ ਵਿਸਾਖੀ ਵਾਢੀ ਦਾ ਤਿਉਹਾਰ ਹੈ
ਪੱਕੀ ਫ਼ਸਲ ਦੀ ਵਾਢੀ ਕਰਨ ਦੀ ਰੁੱਤ ਦਾ ਤਿਉਹਾਰ

ਪਰ ਚੇਤੇ ਦੀਆਂ ਪੈੜਾਂ ਮਗਰ ਤੁਰਦਿਆਂ
ਕਦੇ ਕਦੇ ਇਉਂ ਲਗਦਾ
ਕਿ ਇਹ ਤਾਂ ਬਿਜਾਈ ਦਾ ਤਿਉਹਾਰ ਹੈ
ਅੱਖਰ ਬੋਲਦੇ ਹਨ
ਕਿ ਇਸ ਦਿਨ ਸਿਰਾਂ ਦੀ ਫ਼ਸਲ ਬੀਜੀ ਸੀ

ਮੇਰੇ ਸ਼ਹਿਨਸ਼ਾਹ ਪਾਤਸ਼ਾਹ ਨੇ...
ਹਰ ਬਿਜਾਰੇ ਦਾ ਇਕ ਮੰਗਲਾਚਰਣ ਹੁੰਦੈ
ਤੇ ਧਰਤੀ ਦੀ ਹਿੱਕ ਤੇ ਦਾਣੇ ਕੇਰਨ ਲੱਗਿਆਂ
ਇਹ ਮੰਗਲਾਚਰਣ ਉਹ ਜ਼ਰੂਰ ਗਾਉਂਦੈ
ਮੈਨੂੰ ਏਸ ਗੱਲ ਦਾ ਪਤਾ ਉਦੋਂ ਲੱਗਾ ਸੀ
ਜਦੋਂ ਮੈਂ ਅਜੇ ਛੋਟਾ ਹੀ ਸਾਂ
ਕਿ ਇਕ ਦਿਨ ਬਾਪੂ ਨਾਲ ਖੇਤ ਗਿਆ ਸਾਂ
ਕੱਤੇ ਦਾ ਮਹੀਨਾ ਸੀ ਸ਼ਾਇਦ
ਤੇ ਬਾਪੂ ਨੇ ਓਸ ਦਿਨ ਕਣਕ ਬੀਜਣੀ ਸੀ
ਉਹਨੇ ਬੀ ਵਾਲੀ ਝੋਲੀ
ਲੱਕ ਨਾਲ ਬੰਨ੍ਹੀ
ਦਾਣਿਆਂ ਦੀ ਮੁੱਠੀ ਭਰ ਕੇ
ਹਲੀਗੀ ਨਾਲ ਲੱਗੇ ਪੋਰ ਦੀ ਠੂਠੀ ਤੇ ਰੱਖੀ
ਤੇ ਬਲਦਾਂ ਨੂੰ ਛੇੜਿਆ
ਨਾਲ ਹੀ ਉਹਨੇ
ਮੰਗਲਾਚਰਣ ਦਾ ਆਲਾਪ ਸ਼ੁਰੂ ਕਰ ਦਿੱਤਾ
ਚੱਲ ਓਏ ਕਰਮਾਂ ਵਾਲਿਆ
ਚੱਲੇ ਗਾ ਤਾਂ ਮੱਲੇ ਗਾ
ਕਮਾਵੇਂ ਗਾ ਤਾਂ ਖਾਵੇਂ ਗਾ
ਹੇ ਸੱਚੇ ਪਾਤਸ਼ਾਹ ਕਰੀਂ
ਰਾਹੀ ਪਾਂਧੀ ਦੇ ਭਾਗੀ
ਗਰੀਬ ਗੁਰਬੇ ਦੇ ਭਾਗੀ
ਚਿੜੀ ਜਨੌਰ ਦੇ ਭਾਗੀ...

ਸਿਰਾਂ ਦੀ ਫ਼ਸਲ ਬੀਜਣ ਵੇਲੇ
ਉਸ ਮਹਾਨ ਬਿਜਾਰੇ ਨੇ ਵੀ
ਜ਼ਰੂਰ ਹੀ ਇਹ ਮੰਗਲਾਚਰਣ ਗਾਇਆ ਹੋਵੇਗਾ
ਦੀਨ ਦੁਖੀਆਂ ਦੇ ਭਾਗੀ
ਬੇਸਹਾਰੇ ਮਜ਼ਲੂਮਾਂ ਦੇ ਭਾਗੀ
ਜਾਤ ਪਾਤ ਦੇ ਪੁੜਾਂ ਵਿਚ
ਦਰੜਿਆਂ ਦੇ ਭਾਗੀ

ਦੱਬੇ ਕੁਚਲੇ ਤੇ ਲਤਾੜਿਆਂ ਦੇ ਭਾਗੀ
ਲਾਚਾਰ ਤੇ ਬੇਵਸ ਧੀਆਂ ਦੀ
ਇੱਜ਼ਤ ਆਬਰੂ ਦੇ ਭਾਗੀ
ਇਸ ਕਵਿਤਾ ਦਾ ਅੰਤ ਮੰਗਲ ਸਿੰਘ ਬਰਾੜ ਇਉਂ ਕਰਦੇ ਹਨ:

ਬਦਲ ਰਹੇ ਮੌਸਮ ਵਿਚ ਤੂਫਾਨ ਵਿਚ
ਝੱਖੜ ਵਿਚ ਗੜੇਮਾਰੀ ਦਾ ਖ਼ਤਰਾ ਦਰਪੇਸ਼ ਹੈ
ਪੱਕੀ ਫ਼ਸਲ ਨੂੰ
ਆਪਣੇ ਦਸਤ-ਇ-ਮੁਬਾਰਕ ਦੀ ਓਟ ਕਰ ਕੇ
ਬਚਾ ਲੈ
ਸੂਰਤ ਸਾਡੀ ਗਵਾਚ ਰਹੀ ਹੈ
ਤੇ ਸੀਰਤ ਬਾਰੇ ਤਾਂ...
ਚੁੱਪ ਹੀ ਭਲੀ ਹੈ

ਮੰਗਲ ਸਿੰਘ ਬਰਾੜ ਹੋਰਾਂ ਨੇ ਗੁਰੂ ਨਾਨਕ ਦੇਵ ਜੀ ਹਵਾਲੇ ਨਾਲ ਵੀ ਕਵਿਤਾ ਲਿਖੀ ਹੈ। ਉਸ ਵਿਚਲਾ ਤਾਲ ਤੇ ਮਾਹੌਲ ਮੰਗਲ ਸਿੰਘ ਜੀ ਦੀ ਪ੍ਰਤਿਭਾ ਦਾ ਸਾਖੀ ਹੈ:

ਇਕ ਨ੍ਹੇਰ ਗੁਬਾਰ ਜਿਹਾ
ਚਹੁੰ ਪਾਸੀਂ ਫੈਲ ਗਿਆ
ਜਿਉਂ ਕਾਲੀ ਬੋਲੀ ਜਿਹੀ
ਇਕ ਰਾਤ ਹਨੇਰੀ ਨੀ
ਸੱਰਾਟਾ ਪੌਣਾਂ ਦਾ
ਸੱਪ ਜਿਵੇਂ ਫੁੰਕਾਰੇ ਨੀ
ਬੱਦਲ ਫਿਰ ਗਰਜੇ ਨੀ
ਤੇ ਬਿਜਲੀ ਕੜਕੀ ਨੀ
ਦਿਲ ਡੁੱਬ ਡੁੱਬ ਜਾਏ ਨੀ
ਚੜ੍ਹ ਜਾਏ ਘੁਮੇਰੀ ਨੀ
ਮੈਂ ਹੋਸ਼ ਭੁਲਾ ਬੈਠੀ
ਮੈਂ ਸੁਰਤ ਗਵਾ ਬੈਠੀ

ਮੰਗਲ ਸਿੰਘ ਬਰਾੜ ਨੇ ਚਾਲੀ ਮੁਕਤਿਆਂ ਬਾਰੇ ਕਵਿਤਾ ਲਿਖੀ ਹੈ, ਉਸਦੀ ਵਿਲੱਖਣਤਾ ਇਹ ਹੈ ਕਿ ਉਸ ਵਿਚ ਚਾਲੀ ਮੁਕਤਿਆਂ ਦੇ ਨਾਮ ਅੰਕਿਤ ਹਨ।

ਇਸ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਦੇ ਸਰੋਕਾਰ ਅਜੋਕੇ ਪੰਜਾਬ ਨਾਲ ਸੰਬੰਧਿਤ ਹਨ। ਇੱਕ ਸ਼ਹਿਰੀ ਕੋਠੀ, ਜਿਸ ਵਿਚ ਕੈਕਟਸ ਬੀਜਿਆ ਹੋਇਆ ਹੈ, ਦਾ ਜ਼ਿਕਰ ਕਰਦਿਆਂ ਮੰਗਲ ਸਿੰਘ ਬਰਾੜ ਲਿਖਦਾ ਹੈ:

ਏਥੇ ਕੋਈ ਨਹੀਂ ਆਖਦਾ
ਆ ਓਏ ਬਾਈ ਸਿਆਂ
ਹੋਰ ਫਿਰ ਸਾਰਾ ਮਹੈਣ ਤਕੜੈ ?
ਹੋਰ ਸੁਣਾ ਨੱਗਰ ਖੇੜੇ ਚ ਸੁਖਸਾਂਦ ਐ ਨਾ...

ਇਉਂ ਲਗਦੈ ਕਿ ਜੁਗੜੇ ਹੋ ਗੇ
ਕੰਨਾਂ ਨੇ ਇਸ ਤਰ੍ਹਾਂ ਦੇ ਬੋਲ ਨਹੀਂ ਸੁਣੇ:
ਆ ਵੇ ਪੁੱਤ ਮਾਂ ਸਦਕੇ
ਐਂਤਕੀਂ ਤਾਂ ਬਲਾਂ ਈ ਚਿਰ ਤੋਂ ਟੱਕਰਿਆਂ
ਮੈਨੂੰ ਤਾਂ ਬਾਹਲਾ ਈ ਮੋਹ ਆਉਂਦੈ...
ਏਥੇ ਤਾਂ ਪੱਥਰਾਂ ਦੀ ਵਲਗਣ ਵਿਚ ਰਹਿੰਦੇ ਲੋਕ
ਆਪਣੇ ਘਰਾਂ ਦੇ ਗਮਲਿਆਂ ਚ
ਥ਼ੋਰ ਉਗਾਉਂਦੇ ਹਨ-ਕੰਡਿਆਲੀ ਥ਼ੋਰ...

ਸਾਡੇ ਪਿੰਡ ਦੀਆਂ ਕਬਰਾਂ ਚ
ਬੜਾ ਥ਼ੋਰ ਹੁੰਦਾ ਸੀ
ਤੇ ਜਾਂ ਫਿਰ
ਇਹ ਉਗਦਾ ਈ ਓਥੇ ਹੋਊ
ਜਿੱਥੇ ਕਬਰਾਂ ਵਰਗੀ ਚੁੱਪ ਹੋਵੇ...

ਮਾਸਟਰ ਮੰਗਲ ਸਿੰਘ ਬਰਾੜ ਬਹੁਤ ਕੋਮਲ ਅਹਿਸਾਸਾਂ ਵਾਲੇ ਸੋਚਵਾਨ ਸ਼ਖ਼ਸ ਹੈ। ਉਸ ਨੇ ਅਜਿਹੇ ਇਨਸਾਨ ਦੀ ਜ਼ਿੰਦਗੀ ਗੁਜ਼ਾਰੀ ਹੈ। ਜਿਹੜਾ ਹਰ ਗੱਲ ਨੂੰ ਕਦਰਾਂ ਕੀਮਤਾਂ ਦੀ ਕਸਵੱਟੀ ਤੇ ਲਾ ਕੇ ਦੇਖਦਾ ਹੈ, ਜਿਹੜਾ ਪਰਾਈ ਪੀੜ ਨੂੰ ਵੀ ਸ਼ਿੱਦਤ ਨਾਲ ਮਹਿਸੂਸ ਕਰ ਸਕਦਾ ਹੈ, ਜਿਸ ਦੇ ਮਨ ਵਿਚ ਅਧਿਆਪਕ ਦੇ ਤੌਰ ਤੇ ਸਦਾ ਇਹ ਆਦਰਸ਼ ਰਿਹਾ ਕਿ ਉਸ ਨੇ ਆਪਣੇ ਵਿਦਿਆਰਥੀਆਂ ਨੂੰ ਸੱਚ ਅਤੇ ਸੁਹਜ ਵੀ ਸਿਖਾਉਣਾ ਹੈ ਤੇ ਵਿਵਹਾਰਕ ਜ਼ਿੰਦਗੀ ਦੀ ਅਸਲੀਅਤ ਤੋਂ ਵੀ ਵਾਕਿਫ਼ ਕਰਵਾਉਣਾ ਹੈ। ਇਸ ਗੱਲੋਂ ਮੰਗਲ ਸਿੰਘ ਬਰਾੜ ਵੀ ਸਾਰੀ ਉਮਰ ਬਿਜਾਰਾ ਰਿਹਾ ਤੇ ਆਪਣੇ ਵਿਦਿਆਰਥੀਆਂ ਦੇ ਮਨਾਂ ਦੀ ਧਰਤੀ ਵਿਚ ਸੁਹਜ, ਸੁਹਿਰਦਤਾ ਅਤੇ

ਸੱਚ ਦੇ ਬੀਜ ਬੀਜਦਾ ਰਿਹਾ। ਉਸਦੇ ਵਿਦਿਆਰਥੀਆਂ ਦੇ ਮਨਾਂ ਵਿਚ ਉਹ ਬੀਜ ਜ਼ਰੂਰ ਉਗੇ ਹੋਣਗੇ। ਉਹ ਵਿਦਿਆਰਥੀ ਇਸ ਬਿਜਾਰੇ ਲਈ ਫ਼ਖ਼ਰ ਦਾ ਸਬੱਬ ਹੋਣਗੇ।

ਇਸ ਪੁਸਤਕ ਵਿਚ ਉਸ ਬਿਜਾਰੇ ਦੇ ਮਹਿੰਗੇ ਬੀਜ ਹਨ। ਇਹ ਉਸਦੀ ਕਾਵਿ-ਕਮਾਈ ਹੈ।

ਇਹ ਪੁਸਤਕ ਉਨ੍ਹਾਂ ਦੇ ਅਹਿਸਾਸਾਂ, ਸੋਚਾਂ, ਵਿਚਾਰਾਂ, ਆਦਰਸ਼ਾਂ, ਦੁੱਖਾਂ ਸੁੱਖਾਂ ਵਿਚੋਂ ਕਸ਼ੀਦ ਹੋਈ ਹੈ। ਇਸ ਪੁਸਤਕ ਵਿਚ ਥਾਂ ਪਰ ਥਾਂ ਤੁਹਾਨੂੰ ਟੁੰਬਣ ਵਾਲੇ ਵਿਚਾਰ ਅਤੇ ਭਾਵ ਮਿਲਣਗੇ ਮੈਨੂੰ ਖੁਸ਼ੀ ਹੈ ਕਿ ਉਨ੍ਹਾਂ ਨੇ ਆਪਣੀ ਕਾਵਿ-ਕਮਾਈ ਨੂੰ ਇਸ ਪੁਸਤਕ ਵਿਚ ਸੰਭਾਲਣ ਦਾ ਉਪਰਾਲਾ ਕੀਤਾ ਹੈ। ਇਸ ਦੇ ਪ੍ਰਕਾਸ਼ਨ ਤੇ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਪਰਵਾਰ ਨੂੰ ਮੁਬਾਰਕਬਾਦ ਦਿੰਦਾ ਹਾਂ।

ਸੁਰਜੀਤ ਪਾਤਰ

# ਦੋ ਸ਼ਬਦ

ਜ਼ਿੰਦਗੀ ਦੇ ਪਿਛਲੇ ਪਹਿਰ 'ਚ ਆ ਕੇ ਪੰਜਾਬੀ ਸਾਹਿਤ ਦੇ ਪਿੜ ਵਿਚ ਕਦਮ ਰੱਖਣ ਦਾ ਹੌਂਸਲਾ ਕਰ ਰਿਹਾ ਹਾਂ। ਸਾਹਿਤ ਪੜ੍ਹਨ ਦੀ ਚੇਟਕ ਨਿਕੀ ਉਮਰੇ ਹੀ ਲੱਗ ਗਈ ਸੀ। ਜਿਥੋਂ ਕਿਤੋਂ ਕੁਸ਼ ਮਿਲ ਜਾਣਾ, ਪੜ੍ਹ ਲੈਣਾ। ਨਾਨਕੀਂ ਜਾਣਾ ਤਾਂ ਬਾਹਰਲੇ ਘਰ ਦੀ ਅਲਮਾਰੀ 'ਚੋਂ ਕੋਈ ਨਾ ਕੋਈ ਕਿੱਸਾ ਮਿਲ ਜਾਣਾ। ਇਹਨਾਂ ਕਿੱਸਿਆਂ ਨੂੰ ਉਦੋਂ 'ਚਿੱਠੇ' ਆਖਦੇ ਹੁੰਦੇ ਸੀ। ਜਾਨੀ ਚੋਰ, ਦਹੂਦ ਬਾਦਸ਼ਾਹ ਤੇ ਪੂਰਨ ਭਗਤ ਦੇ ਚਿੱਠੇ ਉਦੋਂ ਹੀ ਪੜ੍ਹੇ। ਵਾਰਸ਼ ਸ਼ਾਹ ਦੀ ਹੀਰ ਮਗਰੋਂ ਪੜ੍ਹੀ। ਕਈ ਦਿਲਚਸਪ ਤੁਕਾਂ ਜ਼ਬਾਨੀ ਯਾਦ ਹੋ ਜਾਣੀਆਂ ਤੇ ਮੂੰਹ ਚੜ੍ਹੇ ਇਹਨਾਂ ਸ਼ਿਅਰਾਂ ਨੂੰ ਖੇਤ ਬੰਨੇ ਤੁਰੇ ਫਿਰਦਿਆਂ ਗੁਣਗੁਣਾਉਂਦੇ ਰਹਿਣਾ। ਇਸ ਤਰਾਂ ਪੰਜਾਬੀ ਸ਼ਾਇਰੀ ਚੰਗੀ ਚੰਗੀ ਲੱਗਣ ਲੱਗ ਪਈ।

ਸਾਹਿਤ ਪੜ੍ਹਨ ਦੇ ਏਸ ਸ਼ੌਕ ਨੂੰ ਵਧੇਰੇ ਤਿੱਖਾ ਕੀਤਾ ਮੇਰੇ ਸਤਿਕਾਰਯੋਗ ਅਧਿਆਪਕ ਸ: ਗੁਰਦੇਵ ਸਿੰਘ ਰੁਪਾਣਾ ਨੇ। ਉਹ ਮੇਰੇ ਪਿੰਡ ਭੰਗਜੜੀ ਦੇ ਸਰਕਾਰੀ ਹਾਈ ਸਕੂਲ ਵਿੱਚ ਪੰਜਾਬੀ ਅਧਿਆਪਕ ਸਨ। ਮੈਂ ਉਹਨਾਂ ਕੋਲੋਂ ਛੇਵੀਂ ਤੋਂ ਦਸਵੀਂ ਜਮਾਤ ਤੱਕ ਪੜ੍ਹਿਆ। ਮੈਂ ਉਹਨਾਂ ਦੇ ਚਹੇਤੇ ਵਿਦਿਆਰਥੀਆਂ 'ਚੋਂ ਸਾਂ। ਪੰਜਾਬੀ ਦੇ ਪੀਰੀਅਡ ਵਿੱਚ ਕਲਾਸ ਵਿੱਚ ਖੜ੍ਹੇ ਹੋ ਕੇ ਪੜ੍ਹਨ ਲਈ ਉਹ ਮੈਨੂੰ ਆਖਦੇ ਤੇ ਮੈਂ ਨਿਰੋਲ ਪੇਂਡੂ ਮਲਵਈ ਮੁਹਾਵਰੇ ਵਿਚ ਲਿਖੀ ਸੰਤੋਖ ਸਿੰਘ ਧੀਰ ਦੀ ਕਹਾਣੀ 'ਸਵੇਰ ਹੋਣ ਤੱਕ' ਇੰਨ ਬਿੰਨ ਉਸੇ ਹੀ ਅੰਦਾਜ਼ ਵਿੱਚ ਪੜ੍ਹਦਾ ਤਾਂ ਉਹ ਬਹੁਤ ਉਤਸ਼ਾਹਤ ਕਰਦੇ। ਉਹਨਾਂ ਨੇ ਸਕੂਲ ਦੀ ਲਾਇਬਰੇਰੀ 'ਚੋਂ ਕਿਤਾਬਾਂ ਲੈ ਕੇ ਪੜ੍ਹਨ ਦੀ ਪ੍ਰੇਰਨਾ ਦੇਣੀ।

ਮੈਂ ਦਸਵੀਂ ਜਮਾਤ ਤੱਕ ਪ੍ਰਿੰ: ਤੇਜਾ ਸਿੰਘ ਦੀ ਸਵੈ-ਜੀਵਨੀ 'ਆਰਸੀ' ਸਮੇਤ ਬਹੁਤ ਸਾਰੀਆਂ ਕਿਤਾਬਾਂ ਪੜ੍ਹ ਲਈਆਂ ਸਨ। ਮਗਰੋਂ ਉਹ ਦਿੱਲੀ ਵਿਖੇ ਅਧਿਆਪਕ ਜਾ ਲੱਗੇ ਤੇ ਇਕ ਨਾਮਵਰ ਕਹਾਣੀਕਾਰ ਵਜੋਂ ਭਾਸ਼ਾ ਵਿਭਾਗ ਪੰਜਾਬ ਦੇ ਸ਼੍ਰੋਮਣੀ ਸਾਹਿਤਕਾਰ ਅਵਾਰਡ ਸਮੇਤ ਕਈ ਮਾਣ ਸਨਮਾਨ ਉਹਨਾਂ ਨੂੰ ਮਿਲ ਚੁਕੇ ਹਨ। ਦਸਵੀਂ ਜਮਾਤ ਵਿਚ ਹੀ ਥੋੜੇ ਸਮੇਂ ਲਈ ਸ: ਹਰਬੰਸ ਸਿੰਘ ਬਰਾੜ ਪੰਜਾਬੀ ਯੂਨੀਵਰਸਿਟੀ ਪਟਿਆਲਾ, ਵੀ ਮੇਰੇ ਅਧਿਆਪਕ ਰਹੇ। ਕਵਿਤਾ ਲਿਖਣ ਦੀ ਪ੍ਰੇਰਨਾ ਉਹਨਾਂ ਤੋਂ ਮਿਲੀ। ਇਸ ਤਰਾਂ ਕਵਿਤਾ ਲਿਖਣ ਦਾ ਸਿਲਸਿਲਾ ਸ਼ੁਰੂ ਹੋਇਆ। ਉਦੋਂ ਤੋਂ ਲੈ ਕੇ ਹੁਣ ਤੱਕ ਚਾਰ ਦਹਾਕਿਆਂ ਤੋਂ ਵੱਧ ਸਮਾਂ ਹੋ ਗਿਐ, ਲਿਖ ਰਿਹਾ ਹਾਂ।

ਪਰ ਫੇਰ ਵੀ ਮੈਂ ਬਹੁਤ ਥੋੜ੍ਹਾ ਲਿਖਿਐ। ਮਿਥ ਕੇ ਲਿਖ ਨਹੀਂ ਹੁੰਦਾ। ਖਿਆਲਾਂ ਦੇ ਝੁਰਮਟ, ਰਚਨਾ ਦੇ ਪਲ ਤੇ ਢੁੱਕਵਾਂ ਮਾਹੌਲ ਕਦੇ ਕਦਾਈ ਹੀ ਮੌਕਾ ਮੇਲ ਬਣਦੈ। ਕਦੇ ਕਦੇ ਭੱਖੜੇ ਦੇ ਅੱਡੀ ਵਿੱਚ ਪੁੜ ਜਾਣ ਵਾਂਗ ਕੋਈ ਚੋਭ ਕਿਸੇ ਕਸਕ ਨੂੰ ਜਨਮ ਦਿੰਦੀ ਹੈ ਤੇ ਕਸਕ ਰਚਨਾ ਨੂੰ। ਤੱਤੀਆਂ ਠੰਢੀਆਂ ਧੁੱਪਾਂ ਛਾਵਾਂ ਨੂੰ ਪਿੰਡੇ ਤੇ ਹੰਢਾਉਂਦਿਆਂ ਅਹਿਸਾਸਾਂ ਦੀ ਬਗਲੀ ਮੋਢੇ ਚੁੱਕ ਕੇ ਤੁਰੇ ਫਿਰੀਦੈ ਤੇ ਜਦੋਂ ਕੋਈ ਗੱਲ ਵਰੋਲਾ ਬਣ ਕੇ ਅੰਦਰ ਖੌਰੂ ਪਾਉਣ ਲਗਦੀ ਹੈ ਤਾਂ ਅੱਖਰ ਬਣ ਕੇ ਕਾਗਜ਼ 'ਤੇ ਪੈੜਾਂ ਕਰ ਜਾਂਦੀ ਹੈ।

ਥੋੜਾ ਬਹੁਤਾ ਜਿੰਨਾ ਵੀ ਲਿਖਿਆ, ਇਸਨੂੰ ਕਿਤਾਬ ਦੀ ਸ਼ਕਲ ਦੇ ਕੇ ਸੰਭਾਲਣਾ ਤਾਂ ਚਾਹੀਦਾ ਹੀ ਸੀ ਪਰ ਇਹ ਉਪਰਾਲਾ ਮੈਥੋਂ ਨਹੀਂ ਹੋ ਸਕਿਆ। ਬਹਾਨਾ ਚਾਹੇ ਕੋਈ ਵੀ ਬਣਾ ਲਵਾਂ ਕਿ ਹੋਰ ਰੁਝੇਵੇਂ ਬਹੁਤ ਸਨ ਪਰਵਾਰਕ ਜ਼ਿੰਮੇਵਾਰੀਆਂ ਜਿਹਨਾਂ ਤੋਂ ਫ਼ੁਰਸਤ ਨਹੀਂ ਮਿਲੀ ਤਾਂ ਕੋਈ ਹੋਰ ਕੁਸ਼। ਪਰ ਮੈਨੂੰ ਛੋਟੇ ਹੁੰਦਿਆਂ ਸੁਣੀ ਇਕ ਗੱਲ ਯਾਦ ਆ ਰਹੀ ਹੈ ਕਿ ਇਕ ਵਾਰੀ ਸਾਰੀ ਉਮਰ ਕੰਵਾਰੇ ਰਹੇ ਇਕ ਬਜ਼ੁਰਗ ਨੂੰ ਕਿਸੇ ਮੁੰਡੇ ਨੇ ਪੁੱਛਿਆ– 'ਤਾਇਆ ਤੂੰ ਵਿਆਹ ਕਿਉਂ ਨਹੀਂ ਕਰਾਇਆ ?' ਤਾਂ ਉਹ ਅੱਗੋਂ ਬੋਲਿਆ, 'ਬੱਸ ਸ਼ੇਰਾ, ਐਵੇਂ ਘੌਲ ਈ ਕਰ ਛੱਡੀ, ਕੰਮ ਤਾਂ ਸਾਰਾ ਤਿੰਨ ਦਿਨਾਂ ਦਾ ਈ ਸੀ, ਉਦੋਂ ਵਿਆਹ 'ਤੇ ਤਿੰਨ ਚਾਰ ਦਿਨ ਲਗਦੇ ਹੁੰਦੇ ਸੀ, ਬੱਸ ਏਹੋ ਕੁਸ਼ ਈ ਮੇਰੇ ਨਾਲ ਹੋਇਆ।

ਤਿੰਨ ਚਾਰ ਸਾਲ ਪਹਿਲਾਂ ਮੇਰੇ ਛੋਟੇ ਬੇਟੇ ਗੁਰਰੀਤ ਨੇ ਮੇਰੀਆਂ ਕਵਿਤਾਵਾਂ ਇਕੱਠੀਆਂ ਕੀਤੀਆਂ ਤੇ ਟਾਈਪ ਕਰਵਾ ਲਈਆਂ। ਅਜੇ ਕਿਤਾਬ ਛਾਪਣ ਲਈ ਭੇਜੀਆਂ ਨਹੀਂ ਸਨ ਕਿ ਉਹ ਪੀ. ਐਚ. ਡੀ. ਕਰਨ ਲਈ ਵਿਦੇਸ਼ ਚਲਾ ਗਿਆ ਤੇ ਕੰਮ ਏਥੇ ਈ ਠੱਪ ਹੋ ਗਿਆ। ਪਿਛਲੇ ਦਿਨੀਂ ਵੱਡੇ ਬੇਟੇ ਦਿਲਜੀਤ ਨੇ ਇਹ ਕੰਮ ਆਪਣੇ ਹੱਥ ਲਿਆ। ਕਿਉਂਕਿ ਉਸ ਨੂੰ ਪਤਾ ਸੀ ਕਿ ਮੈਂ ਤਾਂ ਉਪਰ ਲਿਖੇ ਤਾਏ ਵਾਂਗੂੰ ਹੀ ਕਰਨੈਂ। ਉਸਨੇ ਪ੍ਰਕਾਸ਼ਕ ਨਾਲ ਗੱਲ ਕਰ ਕੇ ਖਰੜਾ ਭੇਜਿਆ ਤਾਂ ਇਹ ਕੰਮ ਅੱਗੇ ਤੁਰਿਆ। ਕੰਮ ਸਿਰੇ ਚੜ੍ਹਨ ਤੱਕ ਸਾਰੀ ਖੇਚਲ ਉਸੇ ਨੇ ਹੀ ਕੀਤੀ ਹੈ। ਕਦੇ ਕਦੇ ਮੈਂ ਸੋਚਦੈਂ ਤਾਂ ਆਪਣਾ ਆਪ ਇਉਂ ਲਗਦੈ ਜਿਵੇਂ ਦੀਵਾਲੀ ਵਾਲੇ ਦਿਨ ਘਰਦਿਆਂ ਨੇ ਕਿਸੇ ਨਿਆਣੇ ਦੇ ਨਵਾਂ ਝੱਗਾ ਲਿਆ ਕੇ ਪਾ ਦਿੱਤਾ ਹੁੰਦੈ ਤੇ ਉਹਨੂੰ ਇਹ ਪਤਾ ਈ ਨਹੀਂ ਹੁੰਦਾ ਕਿ ਇਹ ਕਿਥੋਂ ਲਿਆਂਦੈ ਤੇ ਕਿੰਨੇ ਦਾ ਆਇਐ। ਚਲੋ ਖ਼ੈਰ!

ਇਹ ਮੇਰੀ ਪਹਿਲੀ ਕਿਤਾਬ ਹੈ। ਪਾਠਕਾਂ ਦੇ ਸਨਮੁੱਖ ਪੇਸ਼ ਹੈ। ਉਹ ਹੀ ਇਸਦਾ ਮੁਲਅੰਕਣ ਕਰਨਗੇ। ਮੈਂ ਬਹੁਤੀਆਂ ਬਰੀਕੀਆਂ ਵਿੱਚ ਨਹੀਂ ਪਿਆ। ਹੋ ਸਕਦਾ ਹੈ ਕਿ ਮੇਰੀ ਕੋਈ ਕਵਿਤਾ ਜਾਂ ਗਜ਼ਲ ਵਜ਼ਨ, ਬਹਿਰ ਪੱਖੋਂ ਨਿਰਧਾਰਤ ਮਾਪਦੰਡਾਂ ਤੇ ਪੂਰੀ ਨਾ ਉਤਰਦੀ ਹੋਵੇ। ਕਵਿਤਾ ਤਾਂ ਜ਼ਜ਼ਬਿਆਂ ਦਾ ਵਹਿਣ ਹੁੰਦੀ ਹੈ ਤੇ ਇਸ ਨੂੰ

ਹੱਦਬੰਦੀਆਂ ਦੀ ਵਲਗਣ ਵਿੱਚ ਬੰਨ੍ਹ ਕੇ ਰੱਖਣਾ ਘਟੋ ਘੱਟ ਮੇਰੇ ਵਰਗੇ ਨਾ ਚੀਜ਼ ਜਿਹੇ ਕਲਮਕਾਰ ਲਈ ਅਸੰਭਵ ਨਹੀਂ ਤਾਂ ਔਖਾ ਜ਼ਰੂਰ ਹੈ।

ਮੈਂ ਧੰਨਵਾਦੀ ਹਾਂ ਆਪਣੇ ਸਤਿਕਾਰਯੋਗ ਅਧਿਆਪਕਾਂ ਸ: ਗੁਰਦੇਵ ਸਿੰਘ ਰੁਪਾਣਾ  ਤੇ ਸਵ. ਡਾ: ਹਰਬੰਸ ਸਿੰਘ ਬਰਾੜ ਦਾ ਜਿਹਨਾਂ ਤੋਂ ਮਿਲੀ ਸੇਧ ਤੇ ਸਾਹਿਤਕ ਸੂਝ ਨੇ ਸੁੱਚੀਆਂ ਕਦਰਾਂ ਕੀਮਤਾਂ ਦਾ ਪਾਠ ਪੜਾਇਆ। ਮੈਂ ਰਿਣੀ ਹਾਂ ਆਪਣੇ ਆਦਰਯੋਗ ਅਧਿਆਪਕਾਂ ਸ. ਮੰਗਲ ਸਿੰਘ ਬਰਾੜ ਮੁੱਖ ਅਧਿਆਪਕ, ਸ: ਕੁਲਬੀਰ ਸਿੰਘ ਗਿੱਲ ਅਤੇ ਸ੍ਰੀ ਦੇਸ ਰਾਜ ਗੁਪਤਾ ਦਾ ਜਿਹਨਾਂ ਨੇ ਸਕੂਲ ਨੂੰ ਜਾਂਦੀ ਡੰਡੀ ਤੋਂ ਤਿਲਕਦੇ ਮੇਰੇ ਬਾਲ-ਕਦਮਾਂ ਨੂੰ ਬੋਚ ਕੇ ਮੈਨੂੰ ਅੱਖਰਾਂ ਦਾ ਹਾਣੀ ਬਣਾਇਆ। ਮੈਂ ਧੰਨਵਾਦੀ ਹਾਂ ਡਾ. ਸੁਰਜੀਤ ਪਾਤਰ ਜੀ ਦਾ ਜਿਹਨਾਂ ਦੀ ਸੁੱਚੀ ਤੇ ਸਮਰੱਥ ਕਲਮ 'ਚੋਂ ਕਿਰੇ ਸ਼ਬਦ ਮੇਰੇ ਲਈ ਬਹੁਤ ਵੱਡਾ ਸਨਮਾਨ ਬਣ ਕੇ ਇਸ ਕਿਤਾਬ ਦੇ ਮੂਹਰਲੇ ਪੰਨਿਆਂ 'ਤੇ ਸੁਸ਼ੋਭਤ ਹੋਏ ਹਨ। ਆਪਣੇ ਦੋਹਾਂ ਬੇਟਿਆਂ ਦਿਲਜੀਤ ਤੇ ਗੁਰਰੀਤ ਲਈ ਵੀ ਧੰਨਵਾਦ, ਪਿਆਰ ਅਤੇ ਸ਼ਾਬਾਸ਼ ਦੇ ਲਫ਼ਜ਼ ਹਾਜਰ ਹਨ ਜਿਹਨਾਂ ਦੀ ਰੀਝ ਤੇ ਹਿੰਮਤ ਸਦਕਾ ਇਸ ਕਾਵਿ ਸੰਗ੍ਰਹਿ ਦਾ ਵਜੂਦ ਬਣਿਆ। ਮੇਰੇ ਪਰਵਾਰ ਨੇ ਹਮੇਸ਼ਾ ਹੀ ਮੈਨੂੰ ਸਹਿਯੋਗ ਵੀ ਦਿਤਾ ਹੈ ਤੇ ਹਰ ਰਚਨਾ ਤੋਂ ਬਾਦ ਯੋਗ ਸਲਾਹ ਤੇ ਹੌਸਲਾ ਅਫਜ਼ਾਈ ਵੀ।

ਪਾਠਕਾਂ ਵਲੋਂ ਆਉਣ ਵਾਲੇ ਸੁਝਾਵਾਂ ਤੇ ਉਸਾਰੂ ਆਲੋਚਨਾਂ ਦਾ ਸਵਾਗਤ ਹੈ।

ਮੰਗਲ ਸਿੰਘ ਬਰਾੜ
ਮੁਕਤਸਰ

22 ਜਨਵਰੀ 2011

# ਤਤਕਰਾ


1. ਅੱਖ 18
2. ਗੰਢੇ ਦੀ ਛਿੱਲ ਜਿਹੇ ਘੁੰਡ ਵਿਚੋਂ 20
3. ਨਵੇਂ ਵਰ੍ਹੇ ਦੀ ਆਮਦ 'ਤੇ ਇੱਕ ਦੁਆ 21
4. ਬਿਜਾਰੇ ਦਾ ਮੰਗਲਾਚਰਨ 25
5. ਸੋਕਾ-2002 29
6. ਰਿਸ਼ਤੇ 31
7. ਰਿਸ਼ਤਿਆਂ ਦੇ ਆਰ-ਪਾਰ 33
8. ਜ਼ਿੰਦਗੀ 35
9. ਦੰਭ 37
10. ਸਮੇਂ ਦੇ ਝੱਖੜ ਵਿਚ 41
11. ਅੱਗ ਨੂੰ ਸਮਝਾਉ 42
12. ਚਾਲੀ ਮੁਕਤੇ 44
13. ਗਵਾਚੀ ਰੁੱਤ 47
14. ਕੋਈ ਮੋੜ ਲਿਆਵੋ 48
15. ਜਿੰਦੇ ਨੀ..... 53
16. ਅੰਤਰ ਰਾਸ਼ਟਰੀ ਬਾਲ ਵਰ੍ਹਾ 56
17. ਪਰਉਪਕਾਰੀ ਗੁਰੂ ਨਾਨਕ 59
18. ਕੱਤੇ ਦੀ ਪੁੰਨਿਆਂ ਸੀ 61
19. ਬੰਦਾ 67
20. ਹਰ ਇਕ ਸ਼ੈਅ ਦਾ ਮੁੱਲ 69
21. ਅੱਜ ਸੂਰਜ ਦੀ ਅੱਖ 70
22. ਤੇਰੇ ਦਰ 'ਤੇ ਸੱਜਦਾ 71
23. ਲਿਆ ਸਫਰ ਮੁਕਾ ਹਯਾਤੀ ਦਾ 72
24. ਨੇਤਾ ਲੋਕ 73

25. ਪੱਥਰ, ਕੈਕਟਸ ਤੇ ਕੱਚਾ ਦੁੱਧ 74
26. ਇੱਕ ਧੀ ਦੀ ਅਰਜ਼ੋਈ 78
27. ਰੱਬ ਸਦਾ ਹੀ ਉਹਨਾਂ 'ਤੇ 81
28. ਗੀਤ-ਆਇਆ ਜਦੋਂ ਦਾ ਸੁਨੇਹਾ 82
29. ਇੱਕ ਗੀਤ-ਧੀਆਂ ਦੇ ਨਾਂ 83
30. ਲਟ ਲਟ ਬਲਦੀ ਜੋਤ ਨੂੰ 85
31. ਚੋਰ ਤੇ ਪਾਹਰੂ 86
32. ਸਾਊ ਬੰਦਾ ਭੁੰਜੇ ਬੈਠਾ 87
33. ਤੇਰੀ ਨਜ਼ਰ ਨੂੰ ਸ਼ਹਿਰ ਗਰਾਂ 88
34. ਦੋਹੇ 89
35. ਚੇਤਨਾ 91
36. ਗੀਤ-ਬਾਲ ਦਿਵਸ 'ਤੇ 93
37. ਧਰਤੀ ਸਾਡੀ ਮਾਂ 95

ਕੋਈ ਮੋੜ ਲਿਆਵੋ ਨੀ
ਰਾਂਝੇ ਦੀ ਵੰਝਲੀ ਨੂੰ
ਮਿਰਜ਼ੇ ਦੀਆਂ ਸੱਦਾਂ ਨੂੰ
ਤੀਆਂ ਦੇ ਗਿੱਧੇ ਨੂੰ
ਚਰਖਿਆਂ ਦੀ ਘੂਕਰ ਨੂੰ
ਤੇ ਕਲੀਆਂ ਲਾਉਂਦੇ ਹੋਏ
ਹਾਲੀ ਦੀਆਂ ਹੇਕਾਂ ਨੂੰ
ਮੇਲਿਆਂ ਦੀ ਰੌਣਕ ਨੂੰ
ਝੂਟਦੀਆਂ ਪੀਘਾਂ ਤੇ
ਝੂਲਦੀਆਂ ਗੁੱਤਾਂ ਨੂੰ
ਕੋਈ ਮੋੜ ਲਿਆਵੋ ਨੀ
ਪਿੱਪਲਾਂ ਦੀਆਂ ਛਾਵਾਂ ਨੂੰ।

## ਅੱਖ

ਦੁਨੀਆਂ ਦੀ ਦੁਰਕਾਰੀ ਅੱਖ
ਸੱਜਣਾਂ ਦੀ ਸਤਿਕਾਰੀ ਅੱਖ।

ਅੱਖ ਦੀ ਜ਼ਾਤ ਪਛਾਣੇ ਕਿਹੜਾ
ਹਰ ਕੋਈ ਅੱਖ ਨਿਆਰੀ ਅੱਖ॥

ਪਲ ਵਿੱਚ ਕਿੰਨੇ ਰੰਗ ਬਦਲਦੀ
ਚੰਚਲ, ਖੇਖਣਹਾਰੀ ਅੱਖ।

ਅੱਖ ਬੋਲੇ ਅੱਖ ਭਰੇ ਹੁੰਗਾਰਾ
ਭੇਦਾਂ ਭਰੀ ਪਟਾਰੀ ਅੱਖ।

ਲੋੜ ਪੈਣ 'ਤੇ ਹੋ ਜਾਂਦੀ ਐ
ਸੱਜਣਾਂ ਦੀ ਵੀ ਭਾਰੀ ਅੱਖ।

ਖਬਰੇ ਦਰਸ਼ਨ ਹੋ ਈ ਜਾਂਦੇ
ਖੁੱਲ੍ਹ ਗਈ ਆਪ ਮੁਹਾਰੀ ਅੱਖ।

ਸਾਡੇ ਚੈਨ ਦੀ ਵੈਰਨ ਬਣ ਗਈ
ਤੇਰੀ ਇਹ ਹਤਿਆਰੀ ਅੱਖ।

ਸਾਂਭੀ ਬੈਠੀ ਲੱਖ ਵੀਰਾਨੇ
ਸੁਰਮੇ ਨਾਲ ਸ਼ਿੰਗਾਰੀ ਅੱਖ।

ਆਪਣੇ ਆਪ 'ਚ ਦੁਨੀਆਂ ਹੈ ਇੱਕ
ਇਹ ਸਾਰੀ ਦੀ ਸਾਰੀ ਅੱਖ।

ਲੱਖ ਲੁਕੋਇਆਂ ਵੱਖ ਵੱਖ ਦਿਸਦੀ
ਸਾਊ ਅਤੇ ਬਜ਼ਾਰੀ ਅੱਖ।

ਲੱਖ ਪਤੰਗੇ ਸੜ ਸੜ ਤੁਰ ਗਏ
ਜਿਉਂ ਦੀ ਤਿਉਂ ਕੰਵਾਰੀ ਅੱਖ।

ਤਖ਼ਤ ਹਜ਼ਾਰਾ ਬਣੇ ਵੀਰਾਨਾ
ਬਣ ਜਾਏ ਜਦੋਂ ਵਿਚਾਰੀ ਅੱਖ।

ਮਸਤ ਰਹਿਣ ਦੀ ਆਦਤ ਈ ਐ
ਕੌਣ ਕਹੇ ਹੰਕਾਰੀ ਅੱਖ।

ਸਦਾ ਹੀ ਭੁੱਖਣ ਭਾਣੀ ਰਹਿੰਦੀ
ਤੇਰੀ ਸਦਾ ਸ਼ਿਕਾਰੀ ਅੱਖ।

ਤੂੰ ਤਾਂ ਏਦਾਂ ਅੱਖ ਚੁਰਾਵੇਂ
ਸਾਨੂੰ ਜਿਵੇਂ ਦੁਪਿਆਰੀ ਅੱਖ।

ਕਈ ਬੇਦਰਦ ਝਨਾਵਾਂ ਉੱਤੋਂ
ਲਾ ਜਾਂਦੀ ਐ ਤਾਰੀ ਅੱਖ।

ਕੱਚਿਆਂ ਤੇ ਤਰਨੋਂ ਨਹੀਂ ਝਕਦੀ
ਇਹ ਸਿਦਕਾਂ ਦੀ ਮਾਰੀ ਅੱਖ।

ਜੰਡ ਦੇ ਪੱਤੇ ਸੂਹੇ ਹੋ ਗਏ
ਬਣ ਗਈ ਬੇ-ਇਤਬਾਰੀ ਅੱਖ।

—

# ਗੰਢੇ ਦੀ ਛਿੱਲ ਜਿਹੇ

ਸੱਜਣਾ ਤੇਰੀ ਦੁਨੀਆਂ ਦਾ ਰੱਜ ਰੱਜ ਕੇ ਨਜਾਰਾ ਵੇਖ ਲਿਆ।
ਤੈਨੂੰ ਆਪਣਾ ਬਣਾ ਕੇ ਵੇਖ ਲਿਆ ਤੇਰਾ ਬਣ ਕੇ ਸਹਾਰਾ ਵੇਖ ਲਿਆ।

ਆਪਣੀ ਵੀ ਬਾਤ ਸੁਣਾ ਵੇਖੀ, ਭਰਕੇ ਵੀ ਹੁੰਗਾਰਾ ਵੇਖ ਲਿਆ
ਤੇਰੀ ਦੁਸ਼ਮਣੀ ਵਰਗੀ ਦੋਸਤੀ ਨੂੰ ਵੀ ਕਰਕੇ ਗਵਾਰਾ ਵੇਖ ਲਿਆ।

ਚੰਦਰਾ ਮਨ ਕਿਧਰੇ ਟਿਕਿਆ ਨਾ, ਤੇ ਭਟਕਣ ਕਿਤੇ ਵੀ ਅਟਕੀ ਨਾ
ਤੇਰੀ ਖੁਸ਼ੀ ਵੰਡਾ ਕੇ ਵੇਖ ਲਈ ਗ਼ਮ ਲੈ ਕੇ ਉਧਾਰਾ ਵੇਖ ਲਿਆ।

ਮੈਨੂੰ ਆਪਣੇ ਰੱਬ ਦੇ ਦਰਸ਼ਨ ਲਈ ਨਾ ਲੋੜ ਪਈ ਕਿਸੇ ਮੁਰਸ਼ਦ ਦੀ
ਗੰਢੇ ਦੀ ਛਿੱਲ ਜਿਹੇ ਘੁੰਡ ਵਿੱਚੋਂ ਰੱਬ ਆਪ ਮੁਹਾਰਾ ਵੇਖ ਲਿਆ।

ਮੈਂ ਜਤਨ ਬਥੇਰੇ ਕਰ ਵੇਖੇ ਹਿਜਰਾਂ ਦਾ ਕਾਂਬਾ ਲੱਥਿਆ ਨਾ
ਇਸ ਕੱਕਰ ਮਾਰੇ ਦਿਲ ਉੱਤੇ ਧਰ ਕੇ ਅੰਗਿਆਰਾ ਵੇਖ ਲਿਆ।

ਇਸ ਚੰਦਰੇ ਇਸ਼ਕ ਦੀ ਧਰਤੀ ਤੇ ਗ਼ਮ ਖੁੰਭਾਂ ਵਾਂਗੂੰ ਉੱਗਦੇ ਨੇ
ਜੱਗ ਠੇਡੇ ਖਾ ਖਾ ਤੁਰ ਫਿਰ ਕੇ ਸਾਰੇ ਦਾ ਸਾਰਾ ਵੇਖ ਲਿਆ।

—

## ਨਵੇਂ ਵਰ੍ਹੇ ਦੀ ਆਮਦ 'ਤੇ ਇੱਕ ਦੁਆ.....

ਨਵੇਂ ਸਾਲ ਦੀ ਦੁਆ
ਮਾਏ ਕਰਾਂ ਰੱਬ ਅੱਗੇ
ਵਸੇ ਰਸੇ ਹਰ ਜੀਅ
ਤੱਤੀ 'ਵਾ ਵੀ ਨਾ ਲੱਗੇ!
...........................

ਹਰ ਵਸਦੇ ਵਿਹੜੇ ਵਿੱਚ
ਇਸ ਰੰਗਲੇ ਖੇੜੇ ਵਿੱਚ
ਇੱਕ ਬੱਦਲੀ ਮਿਹਰਾਂ ਦੀ
ਅੰਬਰ ਤੋਂ ਆਣ ਵਰ੍ਹੇ
ਦਿਨ ਚੜ੍ਹੇ ਬਰੂਹਾਂ 'ਤੇ
ਇੱਕ ਸਿਜਦਾ ਆਣ ਕਰੇ

ਜੀਵਨ ਦੇ ਰਾਹਾਂ ਵਿੱਚ
ਕੋਸੇ ਜਿਹੇ ਸਾਹਾਂ ਵਿੱਚ
ਇੱਕ ਮਹਿਕ ਸਮਾਵੇ ਨੀ
ਰੂਹ ਖਿੜ ਖਿੜ ਜਾਵੇ ਨੀ
ਕਾਦਰ ਦੀ ਕੁਦਰਤ ਦਾ
ਧਰਤੀ ਦੇ ਵਿਹੜੇ ਦਾ
ਕਣ ਕਣ ਨਸ਼ਿਆਵੇ ਨੀ

ਧੀਆਂ ਅਣਜੰਮੀਆਂ ਦੇ
ਕਲੀਆਂ ਅਧਖਿੜੀਆਂ ਦੇ
ਜੰਮਣ ਤੋਂ ਪਹਿਲਾਂ ਹੀ
ਮਰ ਜਾਣ ਨਾ ਹਾਸੇ ਨੀ
ਬੁੱਲ੍ਹਾਂ ਦੇ ਅੰਦਰ ਨਾ
ਮਰ ਜਾਵੇ ਲੋਰੀ ਨੀ

ਕੋਈ ਜਿੰਦ ਨਿਮਾਣੀ ਜਿਹੀ
ਜੱਗ ਵੇਖਣ ਤੋਂ ਪਹਿਲਾਂ
ਕਦੇ ਟੁੱਕੀ ਜਾਵੇ ਨਾ
ਕਰ ਪੋਰੀ ਪੋਰੀ ਨੀ

ਮੈਂ ਇਹੋ ਦੁਆ ਮੰਗਾਂ
ਹਰ ਮਾਂ ਦੀ ਬੁੱਕਲ ਵਿੱਚ
ਛਣਕਾਟੇ ਪਾ ਛੱਡਣ
ਨਿਕੜੇ ਜਿਹੇ ਹਾਸੇ ਨੀ
ਬੁੱਲ੍ਹੀਆਂ 'ਚੋਂ ਕਿਰਦੇ ਹੋਏ
ਤੁਤਲੇ ਜਿਹੇ ਬੋਲਾਂ ਵਿੱਚ
ਖੁਰ ਜਾਣ ਪਤਾਸੇ ਨੀ

ਏਥੇ ਹਰ ਇੱਕ 'ਨੱਢੜੀ' ਹੀ
ਹੋਏ ਬੁੱਢ-ਸੁਹਾਗਣ ਨੀ
ਚੋਬਰ ਛੈਲ ਛਬੀਲੇ ਸਭ
ਨੀਂਦਾਂ ਤੋਂ ਜਾਗਣ ਨੀ
ਸ਼ੁਭ ਸਿੱਖਿਆ ਗੁਰੂਆਂ ਦੀ
ਹਿਰਦੇ ਵਿੱਚ ਵਸ ਜਾਵੇ
ਤੇ ਇੱਕ ਤੋਂ ਪਿੱਛੋਂ ਇੱਕ
ਸਭ ਐਬ ਤਿਆਗਣ ਨੀ
ਨਸ਼ਿਆਂ ਦੀਆਂ ਨਦੀਆਂ ਦਾ
ਸੁੱਕ ਜਾਏ ਮੁਹਾਣਾ ਨੀ
ਛਿੰਝਾਂ ਤੇ ਘੋਲਾਂ ਵਿੱਚ
ਮੁੜ ਡੌਲੇ ਫਰਕਣ ਨੀ

ਤੀਆਂ ਤੇ ਗਿੱਧਿਆਂ ਦੇ
ਪਿੜ ਮੁੜ ਕੇ ਬੱਝਣ ਨੀ
ਖੇਤਾਂ ਦੇ ਬੰਨਿਆਂ 'ਤੇ
ਫਿਰ ਕਲੀਆਂ ਗੂੰਜਣ ਨੀ
ਖੁਸ਼ੀਆਂ ਤੇ ਖੇੜਿਆਂ ਦਾ
ਨਾ ਰਹੇ ਟਿਕਾਣਾ ਨੀ
ਵਿੱਛੜ ਕੇ ਮਿਲਿਆਂ ਦੇ
ਰਲ ਗੂੰਜਣ ਹਾਸੇ ਨੀ
ਰੋਕਾਂ ਕੰਡਿਆਲੜੀਆਂ
ਸਭ ਹਟ ਜਾਣ ਪਾਸੇ ਨੀ

ਵੱਜਣ ਫਿਰ ਵੰਝਲੀ ਵਿੱਚ
ਅਮਨਾਂ ਦੀਆਂ ਹੂਕਾਂ ਨੀ
ਫਿਰ ਭੱਜੀਆਂ ਬਾਹਾਂ ਨੇ
ਮੁੜ ਗਲ ਨੂੰ ਆਣਾ ਨੀ
ਪਿੰਡੀ ਵਿਚ ਖੜ੍ਹਿਆਂ ਨੂੰ
ਸਾਹਵੇਂ ਅਜਮੇਰ ਦਿਸੇ
ਵਾਹਗੇ ਤੋਂ ਬੁੱਕਲ ਵਿੱਚ
ਜਾਪੇ ਨਨਕਾਣਾ ਨੀ

ਮੁੜ ਰੰਗਲੀ ਹੋ ਜਾਵੇ
ਇਹ ਧਰਤ ਸੁਹਾਣੀ ਨੀ
ਫਿਰ ਰਲ ਕੇ ਬੈਠਣਗੇ
ਸਮਿਆਂ ਦੇ ਹਾਣੀ ਨੀ
ਧੂੜਾਂ ਬਣ ਉੱਡ ਜਾਵਣ

ਵਿੱਥਾਂ ਤੇ ਲੀਕਾਂ ਨੀ
ਮੁੜ ਸਾਂਝੇ ਹੋ ਜਾਣ ਜੇ
ਹਾਸੇ ਤੇ ਚੀਕਾਂ ਨੀ
ਜਦੋਂ ਚੰਦ-ਚਾਨਣੀ ਫਿਰ
ਜੋਬਨ ਤੇ ਆਈ ਨੀ
ਫਿਰ ਰਲ ਕੇ ਖੇਡਾਂਗੇ
ਕਦੇ ਫੜਨ-ਫੜਾਈ ਨੀ
ਜਦੋਂ ਇੱਕੋ ਤੌੜੀ ਵਿੱਚ
ਫਿਰ ਖਿਚੜੀ ਰਿੱਝੀ ਨੀ
ਜੀ ਕਰਨੈਂ ਖੇਡਣ ਨੂੰ
ਫਿਰ ਸੱਕਰ-ਭਿੱਜੀ ਨੀ

ਮੇਰੀਆਂ ਇਹ ਲੇਲੜ੍ਹੀਆਂ
ਰੱਬਾ ਪਰਵਾਨ ਕਰੀਂ
ਧਰਤੀ ਦੇ ਜਾਇਆਂ ਨੂੰ
ਅੰਬਰਾਂ ਦੇ ਹਾਣ ਕਰੀਂ!!!

—

## ਬਿਜਾਰੇ ਦਾ ਮੰਗਲਾਚਰਨ

ਅਕਸਰ ਹੀ ਸੁਣੀਂਦੈ
ਕਿ ਵਿਸਾਖੀ ਵਾਢੀ ਦਾ ਤਿਉਹਾਰ ਹੈ
ਪੱਕੀ ਫਸਲ ਦੀ ਵਾਢੀ ਕਰਨ ਦੀ ਰੁੱਤ ਦਾ ਤਿਉਹਾਰ
ਢੋਲਾਂ ਤੇ ਡਗੇ ਲਾਉਣ ਦਾ ਤਿਉਹਾਰ
ਰੰਗ ਬਰੰਗੇ ਲੁੰਙੀਆਂ ਲਾਚੇ ਬੰਨ੍ਹ ਕੇ
ਨੱਚਣ ਦਾ ਤਿਉਹਾਰ

ਪਰ ਚੇਤੇ ਦੀਆਂ ਪੈੜਾਂ ਮਗਰ ਤੁਰਦਿਆਂ
ਕਦੇ ਕਦੇ ਇਉਂ ਲਗਦੈ
ਕਿ ਇਹ ਤਾਂ ਬਿਜਾਈ ਦਾ ਤਿਉਹਾਰ ਹੈ
ਤੇ ਇਤਿਹਾਸ ਵੀ ਇਹੋ ਕੁਸ਼ ਈ ਬੋਲਦੈ
ਵਕਤ ਦੀ ਹਿੱਕ ਤੇ ਡੂੰਘੀਆਂ ਖੁੱਭੀਆਂ ਪੈੜਾਂ ਦਾ ਇਤਿਹਾਸ
ਇਹਨਾਂ ਪੈੜਾਂ ਦੇ ਟੋਇਆਂ ’ਚ ਭਰਿਆ ਪਿਆ ਖ਼ੂਨ
ਜੀਹਦੇ ’ਚੋਂ ਅੱਜ ਵੀ ਸਿਦਕ ਤੇ
ਗ਼ੈਰਤ ਦੀ ਖੁਸ਼ਬੋ ਆਉਂਦੀ ਹੈ
ਅਜੇ ਤੀਕ ਸੱਜਰਾ ਹੀ ਲਗਦੈ।
ਅੱਖਰ ਬੋਲਦੇ ਹਨ.....
ਕਿ ਇਸ ਦਿਨ ਸਿਰਾਂ ਦੀ ਫਸਲ ਬੀਜੀ ਸੀ
ਮੇਰੇ ਸ਼ਹਿਨਸ਼ਾਹ ਪਿਤਾ ਨੇ
ਲੁੰਙੀਆਂ ਲਾਚਿਆਂ ਦੀ ਥਾਂ
ਕਮਰ ਕੱਸੇ ਨਾਲ ਲੱਕ ਬੰਨ੍ਹ ਕੇ
ਤੇਗ ਦੀ ਧਾਰ ’ਤੇ ਖੜੋ ਕੇ
ਨੱਚਣ ਦੀ ਜਾਚ ਦੱਸੀ ਸੀ।

ਹਰ ਬਿਜਾਰੇ ਦਾ ਇੱਕ ਮੰਗਲਾਚਰਨ ਹੁੰਦੈ
ਤੇ ਧਰਤੀ ਦੀ ਹਿੱਕ ’ਚ ਦਾਣੇ ਕੇਰਨ ਲੱਗਿਆਂ

ਇਹ ਮੰਗਲਾਚਰਨ ਉਹ ਜ਼ਰੂਰ ਗਾਉਂਦੈ
ਮੈਨੂੰ ਏਸ ਗੱਲ ਦਾ ਪਤਾ ਉਦੋਂ ਲੱਗਾ ਸੀ
ਜਦੋਂ ਮੈਂ ਅਜੇ ਛੋਟਾ ਹੀ ਸਾਂ
ਕਿ ਇੱਕ ਦਿਨ ਬਾਪੂ ਨਾਲ ਖੇਤ ਗਿਆ ਸਾਂ
ਕੱਤੇਂ ਦਾ ਮਹੀਨਾ ਸੀ ਸ਼ਾਇਦ
ਤੇ ਬਾਪੂ ਨੇ ਓਸ ਦਿਨ ਕਣਕ ਬੀਜਣੀ ਸੀ
ਉਹਨੇ ਬੀ ਵਾਲੀ ਝੋਲੀ
ਲੱਕ ਨਾਲ ਬੰਨ੍ਹੀ
ਦਾਣਿਆਂ ਦੀ ਮੁੱਠੀ ਭਰ ਕੇ
ਹਲੀਰੀ ਨਾਲ ਲੱਗੇ ਪੋਰ ਦੀ ਨੂਠੀ 'ਤੇ ਰੱਖੀ
ਤੇ ਬਲਦਾਂ ਨੂੰ ਛੇੜਿਆ
ਨਾਲ ਹੀ ਉਹਨੇ
ਮੰਗਲਾਚਰਨ ਦਾ ਅਲਾਪ ਸ਼ੁਰੂ ਕਰ ਦਿੱਤਾ
ਚੱਲ ਓਏ ਕਰਮਾਂ ਆਲਿਆ
ਚੱਲੇਂਗਾ ਤਾਂ ਮੱਲੇਂਗਾ
ਕਮਾਵੇਂਗਾ ਤਾਂ ਖਾਵੇਂਗਾ
ਹੇ ਸੱਚੇ ਪਾਤਸ਼ਾਹ, ਕਰੀਂ
ਰਾਹੀ ਪਾਂਧੀ ਦੇ ਭਾਗੀਂ
ਗਰੀਬ ਗੁਰਬੇ ਦੇ ਭਾਗੀਂ
ਚਿੜੀ ਜਨੌਰ ਦੇ ਭਾਗੀਂ।

ਸਰਬੱਤ ਦਾ ਭਲਾ ਮੰਗਣ ਵਾਲੇ
ਦੂਜਿਆਂ ਦੇ ਮੂੰਹ ਅੰਨ ਪਾਉਣ ਵਾਲੇ
ਭੁੱਖਿਆਂ ਨੂੰ ਰਜਾਉਣ ਦੀ
ਕਾਮਨਾ ਕਰਨ ਵਾਲੇ ਇਹ ਬੋਲ
ਮੇਰੇ ਬਾਲ-ਮਨ 'ਤੇ ਉਕਰੇ ਗਏ ਸਦੀਵੀ ਤੌਰ 'ਤੇ
ਉਮਰਾਂ ਦੇ ਹਾਣੀ ਬਣ ਗਏ
ਤੇ ਹੁਣ ਮੈਂ ਕਦੇ-ਕਦੇ ਸੋਚਦਾਂ.....

ਕਿ ਸਿਰਾਂ ਦੀ ਫਸਲ ਬੀਜਣ ਵੇਲੇ
ਉਸ ਮਹਾਨ ਬਿਜਾਰੇ ਨੇ ਵੀ
ਜ਼ਰੂਰ ਹੀ ਇਹ ਮੰਗਲਾਚਰਨ ਗਾਇਆ ਹੋਵੇਗਾ .....
ਦੀਨ ਦੁਖੀਆਂ ਦੇ ਭਾਗੀ
ਬੇਸਹਾਰੇ ਮਜ਼ਲੂਮਾਂ ਦੇ ਭਾਗੀਂ
ਜਾਤ-ਪਾਤ ਦੇ ਪੁੜਾਂ ਵਿੱਚ
ਦਰੜਿਆਂ ਦੇ ਭਾਗੀਂ
ਦੱਬੇ-ਕੁਚਲੇ ਤੇ ਲਤਾੜਿਆਂ ਦੇ ਭਾਗੀਂ
ਮਧੋਲੀ ਅਣਖ ਤੇ ਪੈਰਾਂ 'ਚ ਰੁਲਦੇ
ਸਵੈਮਾਣ ਦੇ ਭਾਗੀਂ
ਲਾਚਾਰ ਤੇ ਬੇਵਸ ਧੀਆਂ ਦੀ
ਇੱਜ਼ਤ ਆਬਰੂ ਦੇ ਭਾਗੀਂ

ਸਾਹਿਬੇ ਕਮਾਲ ਵੱਲੋਂ
ਅਕਾਲ ਪੁਰਖ ਦੇ ਸਨਮੁਖ ਉਚਾਰਣ ਕੀਤਾ
ਇਹ ਮੰਗਲਾਚਰਨ ਪਰਵਾਨ ਹੋਇਆ
ਸਿਰਾਂ ਦੀ ਬੀਜੀ ਫਸਲ ਉੱਗੀ
ਤੇ ਖ਼ੂਬ ਪਰਵਾਨ ਚੜ੍ਹੀ

ਇੱਕ ਅਨੋਖੀ ਤੇ ਨਿਆਰੀ
ਕਮਾਲ ਦੀ ਫਸਲ!
ਸੀਰਤ ਅਤੇ ਸੂਰਤ ਦੋਹਾਂ ਪੱਖਾਂ ਤੋਂ
ਵਿਲੱਖਣ ਤੇ ਸੰਪੂਰਨ!
ਜੀਹਦੇ ਕਿਰਦਾਰ ਤੇ ਕਾਰਨਾਮਿਆਂ ਨੇ
ਏਸ ਖਿੱਤੇ ਵਿੱਚ
ਲਾ ਮਿਸਾਲ ਇਤਿਹਾਸ ਦੀ ਸਿਰਜਣਾ ਕੀਤੀ
ਉਸਦੇ ਲਾਏ ਇਹ ਬੂਟੇ
ਬੇਸਹਾਰਿਆਂ ਦੇ ਸਹਾਰੇ ਬਣੇ
ਤੇ ਇੱਜ਼ਤਾਂ ਦੇ ਰਖਵਾਲੇ।

ਪਰ ਮੈਨੂੰ ਖਿਮਾਂ ਕਰੀਂ
ਮੇਰੇ ਸ਼ਹਿਨਸ਼ਾਹ!
ਜੇ ਮੈਂ ਕਹਾਂ
ਕਿ ਬਦਲ ਰਹੇ ਮੌਸਮ ਵਿੱਚ, ਤੂਫਾਨ ਵਿੱਚ,
ਝੱਖੜ ਵਿੱਚ, ਗੜੇਮਾਰੀ ਦਾ ਖਤਰਾ ਦਰਪੇਸ਼ ਹੈ
ਪੱਕੀ ਫਸਲ ਨੂੰ।
ਆਪਣੇ ਦਸਤ-ਇ-ਮੁਬਾਰਕ ਦੀ ਓਟ ਕਰ ਕੇ
ਬਚਾ ਲੈ
ਸੂਰਤ ਸਾਡੀ ਗਵਾਚ ਰਹੀ ਹੈ
ਤੇ ਸੀਰਤ ਬਾਰੇ ਤਾਂ......
ਚੁੱਪ ਹੀ ਭਲੀ ਹੈ।

ਮਿਹਰ ਕਰ ਦਾਤਾ
ਮਿਹਰ ਕਰ!
ਅੱਜ ਦੇ ਇਸ ਮੁਬਾਰਕ ਦਿਨ 'ਤੇ
ਸਿਰਾਂ ਦੀ ਫਸਲ ਬੀਜਣ ਵਾਲੇ
ਉਸ ਮਹਾਨ ਬਿਜਾਰੇ ਨੂੰ
ਮੇਰੀ ਸਲਾਮ......
ਨਮਸਕਾਰ ਉਸ ਦੀ ਸੋਚ ਨੂੰ
ਤੇ ਪ੍ਣਾਮ ਉਸਦੇ ਕਿਰਦਾਰ ਨੂੰ........

—

## ਸੋਕਾ-2002

ਧਰਤੀ ਉੱਤੇ ਸਾੜ ਹੈ ਪੈਂਦਾ
ਹਰ ਕੋਈ ਆਖੇ ਉੱਠਦਾ ਬਹਿੰਦਾ
'ਹਾਇ ਰੱਬਾ!' ਮੀਂਹ ਕਿਉਂ ਨਹੀਂ ਪੈਂਦਾ

ਰੱਬ ਨੂੰ ਦੋਸ਼ ਨਾ ਦੇਵੋ ਯਾਰੋ
ਆਪਣੇ ਅੰਦਰ ਝਾਤੀ ਮਾਰੋ
ਜੇ ਫੇਰ ਵੀ ਕੁਸ਼ ਨਹੀਂ ਪੱਲੇ ਪੈਂਦਾ
ਫੇਰ, ਮੈਂ ਦਸਦੈਂ ਮੀਂਹ ਕਿਉਂ ਨਹੀਂ ਪੈਂਦਾ।

ਦੁਨੀਆ ਸਾਰੀ ਹੋ ਗਈ ਦੰਭੀ,
ਦੂਜੇ ਦਾ ਢਿੱਡ ਪਾੜਨ ਖਾਤਰ,
ਹਰ ਕੋਈ ਡੱਬ 'ਚ ਰਖਦੈ ਰੰਬੀ
ਲੋਕਾਂ ਦੇ ਘਰ ਲੁੱਟਣ ਦੇ ਲਈ
ਅੱਠੇ ਪਹਿਰ ਤਾਕ ਵਿੱਚ ਰਹਿੰਦਾ
ਲੋਕੀ ਆਖਣ ਮੀਂਹ ਨਹੀਂ ਪੈਂਦਾ।
ਜਿਸ ਘਰ ਔਰਤ ਹੌਕੇ ਭਰਦੀ
ਉਸਦੇ ਘਰ ਚੁੱਲ੍ਹੇ ਅੱਗ ਨਹੀਂ ਬਲਦੀ
ਪਰ ਇਹ ਕੀ ਪੁੱਠੀਆਂ ਪੈ ਗਈਆਂ ਲੀਹਾਂ
ਜੰਮਣੋਂ ਪਹਿਲਾਂ ਮਰਦੀਆਂ ਧੀਆਂ
ਲੰਮੇ ਹਉਕੇ ਭਰਦੀਆਂ ਧੀਆਂ
ਸਹੁਰੀਂ ਜਾ ਕੇ ਸੜਦੀਆਂ ਧੀਆਂ
ਕੌਣ ਹੁੱਬ ਕੇ ਲਾਵੇ ਤੀਆਂ
ਪੋਟਾ ਪੋਟਾ ਦੁਖੀ ਨੇ ਧੀਆਂ
ਜਦ ਤੱਕ ਧੀਆਂ ਸੜਦੀਆਂ ਰਹਿਣਾ
ਉਨਾ ਚਿਰ ਹੁਣ ਮੀਂਹ ਨਹੀਂ ਪੈਣਾ

ਧੀਆਂ ਗਊਆਂ ਇੱਕ ਸਮਾਨ
ਫਿਰ ਕਾਹਤੋਂ ਏਨਾ ਅਪਮਾਨ
ਪੀੜ੍ਹੀਆਂ ਤੀਕਣ ਪਾਪ ਨਹੀਂ ਲਹਿੰਦਾ
ਤਾਹੀਉਂ ਤਾਂ ਹੁਣ ਮੀਂਹ ਨਹੀਂ ਪੈਂਦਾ।

ਹਸਪਤਾਲ 'ਚ ਗਿਆ ਮਰੀਜ਼
ਲੁੱਟਿਆ ਜਾਂਦਾ ਸਣੇ ਕਮੀਜ਼
ਕੇਰਾਂ ਫ਼ੰਬਿਆ ਰਾਸ ਨਹੀਂ ਆਉਂਦਾ
ਤਾਹੀਉਂ ਤਾਂ ਰੱਬ ਮੀਂਹ ਨਹੀਂ ਪਾਉਂਦਾ

ਰਿਸ਼ਵਤ ਹੋਈ ਸਰਬ ਵਿਆਪਕ
ਪੀ.ਸੀ.ਐਸ. ਦਾ ਤੀਹ ਲੱਖ ਲਗਦੈ
ਤਿੰਨ ਲੱਖ ਨਾਲ ਬਣੇ ਅਧਿਆਪਕ
ਵਿਰਲਾ ਵਿਰਲਾ ਬਚਿਐ ਕੋਈ
ਜਾਂ ਫਿਰ ਕੋਈ ਡਰਦਾ ਨੀ ਲੈਂਦਾ
ਫੇਰ ਕਹਿੰਦੇ ਐ ਮੀਂਹ ਨਹੀਂ ਪੈਂਦਾ

ਮੈਨੂੰ ਕਹਿਣ 'ਚ ਕੋਈ ਸੰਗ ਨਹੀਂ
ਇਸ ਘਰ ਦੇ ਵਸਣ ਦੇ ਰੰਗ ਨਹੀਂ
ਕਰ ਲਉ ਜੇ ਕੋਈ ਬਣਦੈ ਹੀਲਾ
ਬਿਖਰ ਚਲਿਐ ਤੀਲਾ ਤੀਲਾ
ਇਸ ਝੱਖੜ ਵਿੱਚ ਕਿਵੇਂ ਖੜ੍ਹਨਗੇ
ਸਣੇ ਆਲ੍ਹਣੇ ਬੋਟ ਸੜਨਗੇ
ਜੀ ਨਹੀਂ ਕਰਦਾ ਪਰ ਕਹਿਣਾ ਪੈਂਦਾ
ਮੈਨੂੰ ਪਤੈ ਮੀਂਹ ਕਿਉਂ ਨਹੀਂ ਪੈਂਦਾ
ਮੈਂ ਦਸਦੈਂ ਮੀਂਹ ਕਿਉਂ ਨਹੀਂ ਪੈਂਦਾ।

---

## ਰਿਸ਼ਤੇ

ਕੁਝ ਰਿਸ਼ਤੇ ਅੰਗਿਆਰਾਂ ਵਰਗੇ
ਕੁਝ ਕੂੰਜਾਂ ਦੀਆਂ ਡਾਰਾਂ ਵਰਗੇ
ਕੁਝ ਇੱਕ ਲਗਦੇ ਹਊਆ, ਪਰ
ਕੁਝ ਬੁੱਕਲ ਦੇ ਹਥਿਆਰਾਂ ਵਰਗੇ
ਕੁਝ ਰਿਸ਼ਤੇ ਖੁਸ਼ਬੋਅ ਵਰਗੇ
ਕੁਝ ਤਪਦੇ ਜੇਠ ਦੀ ਲੋਅ ਵਰਗੇ
ਕਈ ਰਿਸ਼ਤੇ ਬੀਮਾਰ ਜਿਹੇ
ਕਈ ਝਾਂਜਰ ਦੀ ਛਣਕਾਰ ਜਿਹੇ
ਕੁਝ ਰਿਸ਼ਤੇ ਦਰਿਆਵਾਂ ਵਰਗੇ
ਕੁਝ ਹਉਕਿਆਂ ਤੇ ਹਾਅਵਾਂ ਵਰਗੇ
ਕੁਝ ਕੋਸੀ ਕੋਸੀ ਧੁੱਪ ਵਰਗੇ
ਪਰ ਕੁਝ ਸਿਵਿਆਂ ਦੀ ਚੁੱਪ ਵਰਗੇ
ਕੁਝ ਜੀਵਨ ਦੀਆਂ ਆਸਾਂ ਲਗਦੇ
ਕੁਝ ਪਿੰਡੇ ਦੀਆਂ ਲਾਸਾਂ ਲਗਦੇ
ਕੁਝ ਜਿਉਂਦੇ ਕੁਝ ਮੋਏ ਰਿਸ਼ਤੇ
ਸੂਲਾਂ ਸੰਗ ਪਰੋਏ ਰਿਸ਼ਤੇ
ਕੁਝ ਚਾਨਣ ਦੀ ਲੀਕ ਜਿਹੇ
ਧੁਰ-ਅੰਦਰੋਂ ਉੱਠਦੀ ਚੀਕ ਜਿਹੇ
ਕੁਝ ਸੁਤ ਉਣੀਂਦੇ ਮੂਕ ਜਿਹੇ
ਬੇਵਸ ਵਿਧਵਾ ਦੀ ਹੂਕ ਜਿਹੇ
ਕੁਝ ਕਬਰਾਂ ਦੀਆਂ ਰਾਹਾਂ ਵਰਗੇ
ਲੁਕ-ਲੁਕ ਭਰੀਆਂ ਆਹਾਂ ਵਰਗੇ
ਕੁਝ ਰਿਸ਼ਤੇ ਬੱਸ ਲੋਕ ਦਿਖਾਵਾ
ਕੁਝ ਰਿਸ਼ਤੇ ਬੱਸ ਨਿਰਾ ਛਲਾਵਾ
ਕੁਝ ਨਿਰਾ-ਪੁਰਾ ਸੰਤਾਪ ਨੇ ਰਿਸ਼ਤੇ

ਮੂਕ ਜਿਹਾ ਵਿਰਲਾਪ ਨੇ ਰਿਸ਼ਤੇ
ਕੁਝ ਰਿਸ਼ਤੇ ਸਮਿਆਂ ਦੀ ਮੁੱਠ ’ਚੋਂ
ਕਿਰ ਗਏ, ਵਿਰਲਾਂ ਥਾਣੀਂ ਕਿਰਦੇ
ਮੋਏ ਰਿਸ਼ਤਿਆਂ ਦੀਆਂ ਲਾਸ਼ਾਂ ਪਰ,
ਮੋਢਿਆਂ ’ਤੇ ਹਾਂ ਚੁੱਕੀ ਫਿਰਦੇ
ਕੁਝ ਹੁੰਦੇ ਮਾਂ ਜਾਏ ਰਿਸ਼ਤੇ
ਫਿਰ ਵੀ ਲੱਗਣ ਪਰਾਏ ਰਿਸ਼ਤੇ
ਸੇਕ ਜਿਹਨਾਂ ਦੇ ਲੂਹਿਆ ਪਿੰਡਾ
ਹੱਡਾਂ ਸੰਗ ਹੰਢਾਏ ਰਿਸ਼ਤੇ
ਬਾਲਣ ਹੱਡ ਬਣਾਏ, ਐਪਰ
ਫਿਰ ਵੀ ਰਾਸ ਨਾ ਆਏ ਰਿਸ਼ਤੇ
ਮੂੰਹ ਦੀ ਬੁਰਕੀ ਦੇ ਕੇ ਪਾਲੇ
ਸਾਹਾਂ ਵਿੱਚ ਸਮਾਏ ਰਿਸ਼ਤੇ
ਆਖਰ ਇੱਕ ਦਿਨ ਹੋ ਜਾਂਦੇ ਨੇ
ਸਾਹਾਂ ਦੇ ਤਰਿਹਾਏ ਰਿਸ਼ਤੇ।

—

## ਰਿਸ਼ਤਿਆਂ ਦੇ ਆਰ-ਪਾਰ

ਏਥੇ ਜਿਉਂਦੇ ਰਿਸ਼ਤਿਆਂ ਸੰਗ
ਮੋਹ ਰੱਖਣਾ ਵਰਜਿਤ ਹੈ
ਤੇ ਮਰੇ ਹੋਏ ਰਿਸ਼ਤਿਆਂ ਦੀਆਂ ਲਾਸ਼ਾਂ ਨੂੰ
ਮੋਢਿਆਂ 'ਤੇ ਚੁੱਕੀ ਫਿਰਨਾ
ਸਮਾਜਕ ਵਡਿਆਈ ਹੈ।

ਕੁਝ ਰਿਸ਼ਤੇ ਏਥੇ ਬਣੇ ਬਣਾਏ ਮਿਲਦੇ
ਰੈਡੀਮੇਡ ਗਾਰਮੈਂਟਸ ਵਾਂਗੂੰ
ਜੋ ਕਿਸੇ ਨਾ ਕਿਸੇ ਮਜਬੂਰੀ ਵੱਸ
ਗਲ ਪਾਉਣੇ ਪੈਂਦੇ।

ਕੁਝ ਰਿਸ਼ਤੇ ਅਸੀਂ ਆਪ ਬੀਜਦੇ
ਸਿੰਜਦੇ ਗੁੱਡਦੇ ਅਤੇ ਨਿਹਾਰਦੇ
ਉਮਰਾਂ ਤਾਈਂ
ਸੌ ਸੌ ਰੰਗ ਵਟਾਉਂਦੇ
ਪੱਕਣ ਤਾਈਂ
ਤੇ ਨਜ਼ਰਾਂ ਦਾ ਸਕੂਨ ਬਣਨ ਤੀਕਰ।

ਕੁਝ ਰਿਸ਼ਤੇ ਏਥੇ ਆਪ ਉਗਦੇ
ਜੰਗਲੀ ਬੂਟੀਆਂ ਵਾਂਗ
ਤੇ ਕੁਝ ਥੋਹਰਾਂ ਵਰਗੇ
ਰੁਮਕਦੇ ਮਹਿਕਦੇ ਤੇ ਝਰਨਾਟਾਂ ਛੇੜਦੇ
ਤੇ ਚੁਭਦੇ ਵੀ ਪੋਟਿਆਂ 'ਚ
ਤੇ ਪੁਤਲੀਆਂ 'ਚ ਵੀ
ਹਰ ਰਿਸ਼ਤੇ ਦੀ ਹੋਣੀ
ਆਪਣੇ ਆਪ 'ਚ ਵਿਲੱਖਣ।

ਕੁਝ ਰਿਸ਼ਤਿਆਂ ਦੀ ਅਰਥੀ ਸੰਗ ਤੁਰੀਏ
ਅਣਚਾਹਿਆਂ ਵੀ
ਤੇ ਚਾਹੁੰਦਿਆਂ ਹੋਇਆਂ ਵੀ
ਕੁਝ ਇੱਕ ਦੀਆਂ ਸ਼ਹਿਨਾਈਆਂ ਸੁਣਨੋਂ ਵੀ
ਲਾਚਾਰ ਹੋਈਦੈ ਕਦੇ ਕਦੇ।

ਕੁਝ ਇੱਕ ਦੇ ਜਸ਼ਨਾਂ ਵਿੱਚ ਜਾਈਏ
ਬੱਧੇ-ਰੁੱਧੇ
ਤੇ ਕਈਆਂ ਦੀ ਝਲਕ ਆਖਰੀ
ਕਦੇ ਕਿਸੇ ਨੂੰ ਤੱਕਣੀ ਪੈਂਦੀ

ਦਿਲ 'ਤੇ ਰੱਖ ਕੇ ਭਾਰਾ ਪੱਥਰ
ਅੱਖਾਂ ਵਿੱਚ ਸਮੁੰਦਰ ਡੱਕੀ
ਭੀੜੇ ਹੋਏ ਬੂਹੇ ਦੇ ਪਿੱਛੇ
ਖੜ੍ਹ ਕੇ ਵਿਰਲਾਂ ਥਾਣੀ।

ਜਸ਼ਨਾਂ ਤੇ ਜਨਾਜ਼ਿਆਂ ਦੀ
ਇਹ ਚਾਹਤ
ਤੇ ਇਹ ਮਜਬੂਰੀ
ਕਿਵੇਂ ਕਿਸੇ ਦੀ ਹੋਣੀ ਬਣਦੀ
ਇਹਦੇ ਲਈ ਕੋਈ ਇੱਕ ਮਾਪਦੰਡ
ਨਹੀਂ ਹੋ ਸਕਦਾ
ਤੇ ਨਾ ਹੀ ਕਿਸੇ ਨੂੰ
ਦੋਸ਼ੀ ਗਰਦਾਨਿਆ ਜਾ ਸਕਦੈ
ਅੱਖਾਂ ਮੀਚ ਕੇ।

---

## ਜ਼ਿੰਦਗੀ

ਜ਼ਿੰਦਗੀ ਇੱਕ ਘੂਰਿਆ ਹੋਇਆ ਗਲੋਟਾ ਹੈ
ਜਿਸਦਾ ਸਿਰਾ ਲੱਭਦਿਆਂ
ਕਈ ਵਾਰ ਉਮਰ ਬੀਤ ਜਾਂਦੀ ਹੈ।

ਜ਼ਿੰਦਗੀ ਭੱਠ ਵਾਂਗ ਤਪਦਾ
ਇੱਕ ਅਸੀਮ ਮਾਰੂਥਲ ਹੈ
ਜਿਸ ਵਿੱਚ ਦਿਸਹਦੇ ਤੀਕਰ
ਕੇਵਲ ਇੱਕੋ ਛਾਂ ਹੁੰਦੀ ਹੈ
ਮਾਰੂਥਲ ਦੇ ਮੁਸਾਫਰ ਦੀ
ਆਪਣੀ ਛਾਂ।
ਪਰ ਉਸ ਨੂੰ
ਇਸ ਛਾਂ ਹੇਠ ਬਹਿਣਾ
ਨਸੀਬ ਨਹੀਂ ਹੁੰਦਾ।

ਜ਼ਿੰਦਗੀ ਇੱਕ ਸ਼ੂਕਦਾ ਦਰਿਆ ਹੈ
ਪਿੰਡਾ ਠਾਰਨ ਲਈ, ਮਲਕੜੇ ਜਿਹੇ
ਕੋਈ ਲਹਿਰਾਂ ਵਿੱਚ ਜਾ ਉਤਰਦਾ ਹੈ

ਅੰਬਰ ਵੱਲ ਉਠਦੀਆਂ ਬਾਹਾਂ ਨੂੰ
ਕੁਝ ਦੇਰ ਲਈ ਪੱਤਣ ਨਿਹਾਰਦਾ ਹੈ
ਪਰ ਫੇਰ, ਬੱਸ..................
ਪੱਤਣ ਦੀ ਉਡੀਕ
ਨਿਰੰਤਰ ਜਾਰੀ ਰਹਿੰਦੀ ਹੈ।

ਕਈ ਵਾਰ ਜ਼ਿੰਦਗੀ ਦੇ ਸੁੱਚੇ ਜਿਸਮ ’ਚੋਂ
ਸੜ੍ਹਾਕੇ ਮਾਰ-ਮਾਰ ਕੇ

ਦੁਰਗੰਧ ਦੀ ਤਲਾਸ਼ ਕੀਤੀ ਜਾਂਦੀ ਹੈ
ਅਤੇ ਇਸ ਸਵੈ-ਕਲਪਿਤ ਅਹਿਸਾਸ ਨੂੰ ਹੀ
ਮਲੀਨਤਾ ਦਾ ਨਾਂ ਦੇ ਕੇ
ਵਿਚਾਰੀ ਦੇ ਹੱਥ ਪੈਰ ਵੱਢ ਕੇ
ਖੂਹ 'ਚ ਸਿੱਟ ਦਿੱਤਾ ਜਾਂਦਾ ਹੈ

ਪਰ................
ਸਮਾਂ ਬਹੁਤ ਬਲਵਾਨ ਹੈ
ਤੇ ਇੱਕ ਨਾ ਇੱਕ ਦਿਨ
ਕਾਫਰ ਹੋਠਾਂ ਨੂੰ, ਖੁਦ ਹੀ
ਸੱਚ ਦਾ ਇਕਬਾਲ ਕਰਨਾ ਪੈਂਦਾ ਹੈ।

ਜ਼ਿੰਦਗੀ ਕੋਈ ਖਿਡੌਣਾ ਨਹੀਂ
ਤੇ ਨਾ ਹੀ ਹਊਆ ਹੈ
ਜੇਕਰ ਸਿਦਕ ਤੇ ਸੱਚ ਦੀ
ਤੀਲੀ ਲਾਉਣ ਦਾ ਵੱਲ ਆਉਂਦਾ ਹੋਵੇ
ਤਾਂ ਇਹ ਲਟ-ਲਟ ਬਲਦੀ
ਮਸ਼ਾਲ ਵੀ ਬਣ ਤੁਰਦੀ ਹੈ
ਜਦੋਂ ਕੋਈ ਕੰਧ ਵਿੱਚ ਚਿਣੇ ਜਾਣ ਲਈ
ਖੜਾ ਵੀ
ਬਾਂਹ ਉੱਚੀ ਕਰਕੇ
ਹੱਕ ਸੱਚ ਦਾ ਲਲ੍ਹਕਰਾ ਮਾਰਦਾ ਹੈ
ਜਾਂ
ਜਦੋਂ ਕੋਈ ਸਭ ਕੁਝ ਗੁਆ ਕੇ ਵੀ
ਜ਼ਫਰਨਾਮੇ ਦੀ ਰਚਨਾ ਕਰਦਾ ਹੈ
ਤੇ ਯਾਰੜੇ ਦੇ ਸੱਥਰ ਦੀ ਕਾਮਨਾ ਕਰਦਾ ਹੈ।

—

## ਦੰਭ
**(ਵਿਅੰਗ)**

ਮੈਂ ਆਪਣੇ ਘਰ ਦੇ ਵਿਹੜੇ ਵਿੱਚ
ਫੁੱਲ ਨਹੀਂ ਉਗਾਉਂਦਾ
ਫੁੱਲ-ਜੋ ਕੋਮਲਤਾ ਦਾ ਪ੍ਰਤੀਕ ਹੁੰਦੇ ਹਨ,
ਨਿਰਾ ਸੁਹੱਪਣ!
ਫੁੱਲ-ਜੋ ਮਹਿਕਾਂ ਵੰਡਦੇ ਹਨ
ਚਾਰ-ਚੁਫ਼ੇਰੇ
ਸੂਰਜ ਦੀਆਂ ਕਿਰਨਾਂ ਵੇਖ ਕੇ
ਚਾਅ ਚੜ੍ਹ ਜਾਂਦੈ ਜਿਨ੍ਹਾਂ ਨੂੰ
ਖਿੜੇ ਹੋਏ ਚੰਦ ਨਾਲ ਨਿਗਾਹ ਮਿਲਦਿਆਂ ਹੀ
ਬਾਘੀਆਂ ਪਾਉਣ ਲੱਗ ਪੈਂਦੇ ਨੇ ਕਈ ਤਾਂ
ਆਲੇ-ਦੁਆਲੇ ਦੀ ਖੈਰ ਮੰਗਦੇ
ਰੁਮਕਦੀ ਪੌਣ ਵੇਖ ਨਸ਼ਿਆ ਜਾਂਦੇ।
ਤੇ ਮਸਤੀ ਨਾਲ ਧੌਣਾਂ ਹਿਲਾਉਂਦੇ
ਕਦੇ ਸਜਦੇ ਕਰਨ ਧਰਤ ਨੂੰ
ਤੇ ਅਧਮੀਟੀਆਂ ਅੱਖਾਂ ਨਾਲ ਇਸ਼ਾਰੇ ਕਰਦੇ
ਉਸ ਨੀਲੇ ਅੰਬਰ ਨੂੰ......
ਪਰ....
ਪਰ ਮੇਰਾ ਕੀ ਵਾਸਤਾ ਇਹਨਾਂ ਗੱਲਾਂ ਨਾਲ।
ਅਖੇ ਕੋਮਲਤਾ.........! ਹੂੰਅ....!
ਮੈਂ ਤਾਂ ਇਸਦੀ ਵਰਤੋਂ
ਕੇਵਲ ਖਾਸ ਖਾਸ ਮੌਕਿਆਂ ਤੇ ਹੀ ਕਰਦਾ ਹਾਂ
ਤੇ ਇਸਨੂੰ ਬੁੱਲ੍ਹਾਂ ਤੱਕ ਹੀ
ਸੀਮਤ ਰੱਖਦਾ ਹਾਂ
ਉਹ ਵੀ ਕੇਵਲ ਉਦੋਂ ਹੀ

ਜਦੋਂ ਕਿਸੇ ਤਾਈਂ ਕੋਈ ਗੌਂਅ ਹੋਵੇ
ਮੈਂ ਇਸ ਲਈ ਕਦੇ ਸਹਿਮਤ ਨਹੀਂ ਹੋਇਆ
ਕਿ ਇਹ ਮੇਰੇ ਦਿਲ ਤੱਕ ਮਾਰ ਕਰ ਸਕੇ
ਤੇ ਮੇਰੇ ਅੰਦਰ ਤਾਂ ਸੁਹੱਪਣ ਨਹੀਂ
ਨਿਰਾ ਕੋਹਝ ਹੀ ਹੈ ਬੱਸ
ਮੈਂ ਮਹਿਕਾਂ ਨਹੀਂ, ਸਗੋਂ ਨਫਰਤ ਵੰਡਦਾ ਹਾਂ
ਚਾਰ-ਚੁਫੇਰੇ ਬੁੱਕਾਂ ਦੇ ਬੁੱਕ ਭਰਕੇ।
ਜਦੋਂ ਕਿਸੇ ਗੁਆਂਢੀ ਦਾ ਬੱਚਾ
ਫੇਲ੍ਹ ਹੋ ਜਾਵੇ
ਕਿਸੇ ਦੇ ਚੋਰੀ ਹੋ ਜਾਵੇ
ਜਾਂ ਨਾਲ ਦੇ ਕਿਸੇ ਸਾਥੀ ਨੂੰ
ਕੋਈ ਵਿਜੀਲੈਂਸ ਵਰਗਾ ਚੱਕਰ ਪੈ ਜਾਵੇ
ਤਾਂ ਇਹੋ ਜਿਹੀ ਖਬਰ
ਮੈਨੂੰ ਘਿਉ ਵਾਂਗੂੰ ਲਗਦੀ ਹੈ
ਮੈਂ ਅੰਦਰੋ ਅੰਦਰ ਫੁੱਲਿਆ ਨਹੀਂ ਸਮਾਉਂਦਾ
ਤੇ ਖੁਸ਼ੀ ਮੈਥੋਂ ਸਾਂਭੀ ਨਹੀਂ ਜਾਂਦੀ

ਪਰ ਬੁੱਲ੍ਹਾਂ 'ਤੇ
ਕੋਮਲਤਾ ਦਾ ਲੇਪ ਕਰਨੋਂ ਕਦੇ ਨਹੀਂ ਉਕਦਾ
ਸ਼੍ਰਿਸ਼ਟਾਚਾਰ ਦਾ ਤਕਾਜ਼ਾ ਹੈ ਨਾ।

ਤੇ ਕਿਰਨਾਂ ਨਾਲ ਤਾਂ
ਪਹਿਲੇ ਦਿਨ ਤੋਂ ਹੀ ਵੈਰ ਹੈ ਮੇਰਾ
ਹਨੇਰੇ ਮੈਨੂੰ ਬੜੇ ਰਾਸ ਆਉਂਦੇ ਹਨ

ਮੈਂ ਅਕਸਰ ਹੀ ਵੇਖਦਾ ਹਾਂ
ਗਵਾਂਢ ਦੀ ਕੋਠੀ ਵਿੱਚ
ਚਾਰ ਦਿਨ ਗੈਰਹਾਜ਼ਰ ਰਹਿਣ ਪਿੱਛੋਂ
ਪੰਜਵੇਂ ਦਿਨ
ਬੀਮਾਰ ਬੱਚੇ ਨੂੰ ਕੁੱਛੜ ਚੁੱਕੀ
ਥਿੜਕਦੇ ਹੱਥਾਂ ਨਾਲ ਗੇਟ ਖੋਲ੍ਹ ਕੇ
ਕੰਮ ਵਾਲੀ (ਨੌਂਕਰਾਣੀ) ਅੰਦਰ ਆਉਂਦੀ ਹੈ
ਨਿਰੀ ਤਰਸ ਦੀ ਮੂਰਤ
ਚਿਹਰੇ ਤੇ ਸਹਿਮ

ਪਹਿਲਾਂ ਲੰਡੀ ਪੂਛ ਵਾਲਾ ਡਾਬਰਮੈਨ
ਉਸਦਾ ਸਵਾਗਤ ਕਰਦਾ ਹੈ
ਤੇ ਫੇਰ ਘਰ ਦੀ ਮਾਲਕਣ
ਉਸਦੇ ਮੂੰਹ ਨਾਲ
ਜੋ ਕੁੱਤੇ-ਖਾਣੀ ਕਰਦੀ ਹੈ
ਬੱਸ ਚੁੱਪ ਹੀ ਭਲੀ ਹੈ
ਕੀ ਖੱਟੀ ਖੀਰ ਦਾ ਸਲਾਹੁਣ ਐਂ।

ਅਲੀਅਰ ਦੀ ਵਾੜ ਨਾਲ ਢਕੀ
ਮਧਰੀ ਜਿਹੀ ਕੰਧ ਉੱਤੋਂ ਦੀ ਖਹਿ ਕੇ
ਵਰਾਂਡੇ ਦੇ ਉੱਪਰ ਤੱਕ ਜਾਂਦੀ
ਵੇਲ ਦੀਆਂ ਵਿਰਲਾਂ ਵਿੱਚੋਂ ਦੀ
ਟਹਿਕਦੇ ਫੁੱਲ ਵੇਖ ਕੇ
ਸਚੀ ਮਿਚੀਂ ਮੇਰਾ ਜੀਅ
ਕੱਚਾ ਕੱਚਾ ਹੋਣ ਲੱਗ ਪੈਂਦਾ ਹੈ

ਤੇ ਮੈਨੂੰ ਲਗਦੈ ਕਿ
ਅਜੇ ਅਸੀਂ ਫੁੱਲਾਂ ਦੇ ਮੇਚ ਦੇ ਨਹੀਂ ਹੋਏ
ਕੱਦੂਆਂ ਤੇ ਤੋਰੀਆਂ ਦੀਆਂ ਵੱਲਾਂ
ਕਿਹੜਾ ਮਾੜੀਆਂ ਹੁੰਦੀਐਂ
ਹਰੇਵਾਈ ਦੀ ਹਰੇਵਾਈ
ਨਾਲੇ ਫੁੱਲ, ਤੇ ਸਬਜ਼ੀ ਮੁਫ਼ਤ
ਮੈਂ ਆਪਣੇ ਆਪ ਨੂੰ
ਧਰਵਾਸ ਦਿੰਦਾ ਹਾਂ
ਪਰ ਅੰਦਰੋਂ, ਵਿਚਲੀ ਗੱਲ ਹੋਰ ਹੈ....

ਤੇ ਮੈਨੂੰ ਇਸਦਾ ਪੂਰਾ ਅਹਿਸਾਸ ਹੈ
ਮੈਂ ਆਪਣੇ ਘਰ ਦੇ ਵਿਹੜੇ ਵਿੱਚ
ਫੁੱਲ ਨਹੀਂ ਉਗਾਉਂਦਾ

ਅਜੇ ਮੈਂ ਇਹਨਾਂ ਦੀ ਸੋਚ ਦੇ
ਹਾਣ ਦਾ ਨਹੀਂ ਹੋਇਆ
ਅਜੇ ਮੈਨੂੰ ਬਹੁਤ ਸਮਾਂ ਲੱਗੇਗਾ
ਜਦੋਂ ਮੈਂ ਆਪਣੇ ਘਰ ਦੇ ਵਿਹੜੇ ਵਿੱਚ
ਫੁੱਲ ਉਗਾਵਾਂਗਾ।

—

## ਸਮੇਂ ਦੇ ਝੱਖੜ ਵਿਚ

ਸਮੇਂ ਦੇ ਝੱਖੜ ਵਿੱਚ ਯਾਰੋ ਮੇਰੀ ਐਸੀ ਹੋਂਦ ਗੁਆਚੀ,
ਮੇਰਾ ਘਰ ਪੁੱਛਦਾ ਫਿਰਦਾ ਹੈ ਮੇਰਾ ਹੀ ਸਿਰਨਾਵਾਂ।

ਮੌਤ ਮੇਰੀ ’ਤੇ ਸਭ ਬੇਗਾਨੇ ਭੁੱਬਾਂ ਮਾਰ ਕੇ ਰੋਏ,
ਜਿਉਂਦਿਆਂ ਮੇਰੇ ਆਪਣਿਆਂ ਨੇ ਹੱਥੀਂ ਵੱਢੀਆਂ ਛਾਵਾਂ।

ਬੁੱਧੀ ਲੱਖ ਸਮਝਾਉਂਦੀ ਰਹਿੰਦੀ ‘ਆਪਣਾ ਫਿਰ ਵੀ ਆਪਣਾ’,
ਵਿੰਨ੍ਹੇ, ਉਚੜੇ, ਲੀਰਾਂ ਹੋਏ ਦਿਲ ਨੂੰ ਕਿਵੇਂ ਮਨਾਵਾਂ?

ਡੌਰ ਭੌਰੀਆਂ ਅੱਖਾਂ ਦੇ ਕੋਇਆਂ ਵਿੱਚ ਅੱਥਰੂ ਸੁੱਕੇ,
ਸਿਸਕਦੀਆਂ ਸੱਧਰਾਂ ਗਲ ਲਗ ਕੇ ਹੌਕਿਆਂ ਨੂੰ ਵਰਚਾਵਾਂ।

ਧਰਤੀ ਰੁੱਸੀ, ਤਾਰੇ ਦੁਸ਼ਮਣ, ਸੂਰਜ ਵੈਰੀ ਹੋਇਆ,
ਦਿਨ ਚੜ੍ਹਦੇ ਨਾਲ ਦੇ ਜਾਂਦਾ ਹੈ ਸਿਵਿਆਂ ਦਾ ਸਿਰਨਾਵਾਂ।

ਪਾਟੇ ਬੁੱਲ੍ਹ ਤੇ ਉਤਰੇ ਚਿਹਰੇ, ਅੱਖਾਂ ਹੇਠ ਘਰਾਲਾਂ,
ਅੱਜ ਕੱਲ੍ਹ ਸੱਜਣਾ ਮੇਰੇ ਪਿੰਡ ਦਾ, ਏਹੋ ਹੈ ਸਿਰਨਾਵਾਂ।

—

## ਅੱਗ ਨੂੰ ਸਮਝਾਉ

ਅੱਗ ਨੂੰ ਸਮਝਾਉ
ਕਿ ਸਾਡੇ ਚੁੱਲ੍ਹਿਆਂ ਵਿੱਚ ਰਹਿ ਕੇ
ਬਲਣਾ ਸਿੱਖੇ।
ਇਸ ਨੂੰ ਕਹੋ
ਕਿ ਇਹ ਸਾਡੇ ਸੀਨਿਆਂ ਵਿੱਚ ਨਾ ਬਲੇ
ਅਸੀਂ ਹੀ ਤਾਂ ਇਸਨੂੰ
ਦੂਜਿਆਂ ਦੇ ਚੁੱਲਿਆਂ ਵਿੱਚ ਬਲਣ ਦਾ
ਵੱਲ ਸਿਖਾਇਆ ਸੀ।
ਅੱਗ ਤਾਂ ਹੀ ਸੁਹਣੀ ਲੱਗਦੀ
ਜਦ ਇਹ ਨੀਵੀਂ ਹੋ ਕੇ ਬਲਦੀ
ਜੀ ਸਦਕੇ ਬਲੇ ਇਹ–
ਬਾਹਾਂ ਖੜ੍ਹੀਆਂ ਕਰਕੇ ਹੱਥਾਂ ਵਿੱਚ
ਫੜੀਆਂ ਮਸ਼ਾਲਾਂ ਵਿੱਚ
ਹਨੇਰੇ ਰਾਹਾਂ ਨੂੰ ਚਾਨਣ ਦੇਣ ਵਾਸਤੇ।
ਜੇ ਇਸਨੂੰ ਉੱਚੀ ਹੋ ਕੇ ਬਲਣ ਦਾ
ਏਨਾ ਹੀ ਸ਼ੌਕ ਹੈ ਤਾਂ
ਜੀ ਸਦਕੇ ਬਲੇ
ਬਨ੍ਹੇਰਿਆਂ ’ਤੇ ਮਮਟੀਆਂ ਤੇ ਪਏ
ਦੀਵਿਆਂ ਦੇ ਤੇਲ ਵਿੱਚ ਗੜੁੱਚ ਹੋਈਆਂ
ਨਰਮ ਤੇ ਸੁਹਲ ਬਦਨ ਬੱਤੀਆਂ
ਦੇ ਸੰਗ ਰਲ ਕੇ ਬਲੇ
ਜਿਸ ਨਾਲ ਪੈਦਾ ਹੋਣ ਖੁਸ਼ਬੋਆਂ ਵੀ
ਤੇ ਸੁਨੇਹਾ ਵੀ ਮਿਲੇ ਸੱਚ ਦਾ।
ਇਸ ਨੂੰ ਕਹੋ ਕਿ ਇਹ ਕਿਸੇ
ਪ੍ਰਹਿਲਾਦ ਦੇ ਲਿਪਟ ਜਾਣ ਲਈ ਗੱਡੇ ਗਏ

ਲੋਹੇ ਦੇ ਥੰਮਾਂ ਨੂੰ ਗਰਮ ਕਰਨ ਅਤੇ
ਕਿਸੇ ਸੀਤਾ ਦੇ ਜਤ ਸਤ ਦੀ ਪ੍ਰੀਖਿਆ ਲੈਣ ਤੱਕ
ਹੀ ਸੀਮਤ ਨਾ ਰਹੇ।
ਇਹ ਮਾਸੂਮਾਂ ਦੇ ਗਲਾਂ ਵਿੱਚ ਪਾਏ ਟਾਇਰਾਂ ਸੰਗ
ਰਲ ਕੇ ਨਾ ਬਲੇ।
ਇਹ ਲਾਜ ਰੱਖੇ
ਪੱਥਰਾਂ ਵੇਲੇ ਦੇ ਉਹਨਾਂ ਪੂਰਵਜਾਂ ਦੀ
ਜਿਹਨਾਂ ਨੇ ਇਹਨੂੰ ਸਿਰਜ ਕੇ
ਸੁੱਚਮਤਾ ਦਾ ਪ੍ਰਤੀਕ ਬਣਾਇਆ ਸੀ
ਤੇ ਇਹਦਾ ਰਿਸ਼ਤਾ
ਹਵਨਾਂ ਨਾਲ ਜੋੜਿਆ ਸੀ
ਇਸਨੂੰ ਕਹੋ
ਕਿ ਸੜਦੇ ਟਾਇਰਾਂ ਦੀ ਦੁਰਗੰਧ ਨਾਲ
ਵਾਤਾਵਰਨ ਦੂਸ਼ਿਤ ਨਾ ਕਰੇ
ਤੇ ਆਪਣੇ ਸਿਰਜਕ ਮਨੁੱਖ ਨੂੰ
ਸਾਹ ਘੁੱਟਵਾਂ ਮਾਹੌਲ ਨਾ ਦੇਵੇ
ਤੇ ਆਪ ਵੀ
ਘ੍ਰਿਣਾ ਦੀ ਪਾਤਰ ਨਾ ਬਣੇ
ਅੱਗ ਨੂੰ ਸਮਝਾਓ
ਕਿ ਉਹ ਸਾਡੇ ਚੁੱਲਿਆਂ ਵਿੱਚ ਰਹਿ ਕੇ
ਬਲਣਾ ਸਿੱਖੇ
ਇਸਨੂੰ ਕਹੋ
ਕਿ ਇਹ ਸਾਡੇ ਸੀਨਿਆਂ ਵਿੱਚ ਨਾ ਬਲੇ।

—

# ਚਾਲੀ ਮੁਕਤੇ

ਦਸਮੇਸ਼ ਪਿਤਾ ਦੇ ਲਾਡਲੇ ਉਹ ਸੂਰਬੀਰ ਬਲਵਾਨ
ਜਿਨ੍ਹਾਂ ਦੇਸ਼ ਧਰਮ ਤੋਂ ਵਾਰ 'ਤੀ ਪਿਆਰੀ ਜਿੰਦ ਜਾਨ।

ਜੰਗ ਵਿੱਚ ਲੜਦੇ ਸੂਰਮੇ ਅਣਖੀਲੇ ਯੋਧੇ
ਮਾਂ ਸਾਹਿਬ ਕੌਰ ਦੇ ਲਾਡਲੇ ਆ ਗਏ ਵਿੱਚ ਰੋਹ ਦੇ
ਸੁਹਣੇ ਮੂੰਹ 'ਤੇ ਲਿਸ਼ਕਾਂ ਮਾਰਦੀ ਗੈਰਤ ਦੀ ਲਾਲੀ
ਟਿੱਬੀ 'ਤੇ ਬਹਿ ਕੇ ਵੇਖਦਾ ਦੁਨੀਆਂ ਦਾ ਵਾਲੀ
ਜੀਹਨੇ ਮਜ਼ਲੂਮਾਂ ਤੇ ਹੀਣਿਆਂ ਵਿੱਚ ਤਾਕਤ ਭਰ 'ਤੀ
ਲਹੂ ਨਾਲ ਸਿੰਜ ਗਏ ਸੂਰਮੇ ਮੁਕਸਰ ਦੀ ਧਰਤੀ।
ਉਹਨਾਂ ਰਣ ਤੱਤੇ ਵਿੱਚ ਜ਼ਾਲਮਾਂ ਦੇ ਆਹੂ ਲਾਹੇ
ਉਹਨਾਂ ਵੱਢ ਵੱਢ ਕੀਤੇ ਡੱਕਰੇ ਹੱਥ ਖ਼ੂਬ ਵਿਖਾਏ
ਉਹਨਾਂ ਰੱਤ ਪੀਣਿਆਂ ਦੀ ਰੱਤ ਨਾਲ ਥਾਂ ਰੱਤੀ ਕਰ 'ਤੀ
ਅਮਰ ਸਦਾ ਲਈ ਹੋ ਗਈ ਮੁਕਸਰ* ਦੀ ਧਰਤੀ।
ਹੱਥ ਵੇਖ ਕਰਾਰੇ ਸੂਰਿਆਂ ਗੁਰਦੇਵ ਪੁਕਾਰੇ
ਧੰਨ ਸਿੱਖੀ ਧੰਨ ਖਾਲਸਾ ਤੇਰੇ ਬਲਿਹਾਰੇ।
ਦੁਸ਼ਮਣ ਪਿਠ ਵਿਖਾ ਗਿਆ ਰਣ ਰਹਿ ਗਿਆ ਖਾਲੀ
ਟਿੱਬੀ 'ਤੇ ਬਹਿ ਕੇ ਵੇਖਦਾ ਦੁਨੀਆਂ ਦਾ ਵਾਲੀ।
ਟਿੱਬੀ ਤੋਂ ਚੱਲ ਕੇ ਆ ਗਿਆ ਉਹ ਨੂਰ ਇਲਾਹੀ
ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਸੱਚੀ ਪਾਤਸ਼ਾਹੀ
ਉਹਨੇ ਇੱਕ ਇੱਕ ਦਾ ਮੂੰਹ ਚੁੰਮਿਆਂ ਤੇ ਦਿੱਤੀ ਥਾਪੀ
ਮੇਰਾ ਵੀਹ ਹਜ਼ਾਰੀ ਲਾਡਲਾ ਇਹ ਵਡ-ਪ੍ਰਤਾਪੀ
ਪਏ ਸਾਧੂ ਸਿੰਘ ਸਮੀਰ ਸਿੰਘ ਸਰਜਾ ਸਿੰਘ ਵੇਖੇ
ਜਿਨ੍ਹਾਂ ਸਰਣ ਗੁਰੂ ਦੀ ਆਣ ਕੇ ਜਿੰਦ ਲਾ 'ਤੀ ਲੇਖੇ
ਸੁਲਤਾਨ ਸਿੰਘਾ ਸੁਲਤਾਨ ਹੈਂ ਤੂੰ ਦੋ ਜਹਾਂ ਦਾ
ਤੂੰ ਦਿਲ ਜਿੱਤਿਆ ਗੁਰੂ ਦਾ ਮੁਲ ਪਾਇਆ ਨਾਂ ਦਾ

---

ਮੁਕਤਸਰ ਦਾ ਇਲਾਕਾਈ ਉਚਾਰਣ

ਸੋਭਾ ਸਿੰਘ ਸੋਭਾ ਖੱਟ ਲਈ ਗੁਰ ਚਰਨੀਂ ਲੱਗ ਕੇ
ਤੂੰ ਅਮਰ ਸ਼ਹੀਦੀ ਪਾ ਗਿਆ ਨਾਂ ਰਹਿ ਜੂ ਜੱਗ 'ਤੇ
ਸਿੰਘੋ ਤੁਸੀਂ ਵਿਚਾਰਿਆ ਅਜੇ ਹੈ ਸੀ ਵੇਲਾ
ਸੁਹੇਲ ਸਿੰਘਾ ਤੂੰ ਕਰ ਲਿਆ ਹੈ ਜਨਮ ਸੁਹੇਲਾ
ਹਰੀ ਸਿੰਘ ਤੇ ਸੰਤ ਸਿੰਘ ਹਰਸਾ ਸਿੰਘ ਭਾਈ
ਹੋ ਗਈ ਕਰਨ ਸਿੰਘ ਤੇ ਕਰਮ ਸਿੰਘ ਦੀ ਸਫਲ ਕਮਾਈ
ਕੀਰਤ ਸਿੰਘ ਕ੍ਰਿਪਾਲ ਸਿੰਘ ਕਾਲਾ ਸਿੰਘ ਸਿੰਘੋ
ਕ੍ਰਿਪਾਲ ਤੁਸਾਂ ਤੇ ਗੁਰੂ ਹੈ ਧੰਨ ਅੰਮ੍ਰਿਤ ਸਿੰਘੋ
ਦਰਬਾਰਾ ਸਿੰਘ ਘਰਬਾਰਾ ਸਿੰਘ ਗੰਗਾ ਸਿੰਘ ਜੋਧੇ
ਵੇਖ ਜਿਨ੍ਹਾਂ ਨੂੰ ਸਤਿਗੁਰੂ ਆ ਗਏ ਵਿੱਚ ਮੋਹ ਦੇ
ਚੰਬਾ ਸਿੰਘ ਖੁਸ਼ਹਾਲ ਸਿੰਘ ਮੌਤ ਤੁਸਾਂ ਦੀ ਦਾਸੀ
ਜਿਨ੍ਹਾਂ ਜਾਨ ਤਲੀ ਤੇ ਰੱਖ ਕੇ ਕੱਟ ਲਈ ਚੁਰਾਸੀ
ਜਾਦੋ ਸਿੰਘ ਜੋਗਾ ਸਿੰਘ ਜੰਗ ਸਿੰਘ ਜੋ ਯੋਧੇ ਭਾਰੀ
ਅਸ਼ਕੇ ਮੇਰੇ ਸੁਹਣਿਓਂ ਤੁਸੀਂ ਅਣਖ ਨਹੀਂ ਹਾਰੀ
ਗੰਡਾ ਸਿੰਘ ਗੁਲਾਬ ਸਿੰਘ ਸਿਦਕੀ ਪਰਵਾਨੇ
ਦਿਆਲ ਸਿੰਘਾ ਗੁਰੂ ਦਿਆਲ ਹੈ ਜੋ ਦਿਲ ਦੀਆਂ ਜਾਣੇ
ਧਰਮ ਸਿੰਘਾ ਤੂੰ ਧਰਮ ਦੀ ਹੈ ਲਾਜ ਬਚਾਈ
ਧੰਨ ਧੰਨਾ ਸਿੰਘ ਦਿਲਬਾਗ ਸਿੰਘ ਧੰਨ ਜੰਮਣ ਮਾਈ
ਭਾਗ ਸਿੰਘਾ ਤੂੰ ਮਾਲਵੇ ਨੂੰ ਭਾਗ ਲਗਾਇਆ
ਜੀਵਨ ਭੋਲਾ ਸਿੰਘ ਬੂੜ ਸਿੰਘ ਨੇ ਸਫਲ ਬਣਾਇਆ
ਸਦਾ ਰਹਿਣ ਨਿਹਾਲ, ਨਿਹਾਲ ਸਿੰਘ ਭੰਗਾ ਸਿੰਘ ਮੁਕਤੇ
ਮੱਜਾ ਸਿੰਘ ਤੇ ਮਾਨ ਸਿੰਘ ਮਈਆ ਸਿੰਘ ਮੁਕਤੇ
ਨਿਧਾਨ ਸਿੰਘਾ ਤੂੰ ਨਿਧਾਨ ਹੈਂ ਗੁਰੂ ਦੀ ਬਖਸ਼ਿਸ਼ ਦਾ
ਲਛਮਣ ਸਿੰਘ ਉਹ ਵੀ ਮੁਕਤ ਹੈ ਨਾਂ ਲੈ ਦਏਂ ਜਿਸਦਾ
ਰਾਇ ਸਿੰਘ ਸਿਦਕੀ ਸਿੱਖ ਉਹ ਜੋ ਰਾਹ ਪਛਾਣੇ

ਤੈਨੂੰ ਸਿਦਕ ਗੁਰੂ ਨੇ ਬਖਸ਼ਿਆ ਤੂੰ ਖੁਸ਼ੀਆਂ ਮਾਣੇ
ਆ ਗਏ ਕਲਗੀਧਰ ਪਾਤਸ਼ਾਹ ਇੱਕ ਸਿੱਖ ਸਰ੍ਹਾਣੇ
ਜੀਹਦਾ ਨਾਂਮ ਮਹਾਂ ਸਿੰਘ, ਸੂਰਮਾ ਜੀਹਨੂੰ ਦੁਨੀਆਂ ਜਾਣੇ
ਉਹਦੀ ਜਾਨ ਲਬਾਂ ਤੇ ਸਹਿਕਦੀ ਤੇ ਸੀ ਤਰਿਹਾਇਆ
ਬੁੱਕਲ ਵਿੱਚ ਲੈ ਕੇ ਪਾਤਸ਼ਾਹ ਨੇ ਸੀਨੇ ਲਾਇਆ
ਗਲ ਦਸ ਸਿੰਘਾ ਪਿਆਰਿਆ ਕੀ ਮਨ ਵਿੱਚ ਆਇਆ
ਤੇਰਾ ਮੋਹ ਸਿੱਖੀ ਦਾ ਵੇਖ ਕੇ ਮੇਰਾ ਗਲ ਭਰ ਆਇਆ
ਸਿੰਘਾ ਮੂੰਹੋਂ ਮੰਗ ਲੈ ਕੋਈ ਬਖਸ਼ਿਸ਼ ਭਾਰੀ
ਦੋ ਜਹਾਨ ਦੀ ਮੰਗ ਲੈ ਬੇਸ਼ੱਕ ਸਰਦਾਰੀ
ਨਾ ਕੋਈ ਸਿੱਕ ਹੈ ਦਾਤਿਆ ਨਾ ਕੋਈ ਭਟਕੀ
ਇੱਕ ਸਿੱਕ ਤੇਰੇ ਦਰਸ ਦੀ ਜਿੰਦ ਤਾਹੀਉਂ ਅਟਕੀ
ਅਸੀਂ ਭੁਲਣਹਾਰੀ ਜੀਉੜੇ, ਅਤਿ ਭੁੱਲਣਹਾਰੀ
ਕੱਢ ਬੇਦਾਵਾ ਪਾੜ ਦੇ ਬੱਸ ਜਾਂਦੀ ਵਾਰੀ
ਸਾਥੋਂ ਭੁੱਲਿਆਂ ਤੋਂ ਭੁੱਲ ਹੋ ਗਈ ਤੂੰ ਜਾਨਣਹਾਰਾ
ਇੱਕ ਵਾਰ ਬਖਸ਼ ਦੇ ਦਾਤਿਆ ਤੂੰ ਬਖਸ਼ਣਹਾਰਾ
ਸੀ ਕਮਰਕਸੇ ਵਿੱਚ ਸਾਂਭਿਆ ਕਰ ਪਿਆਰਾ ਜਾਨੋਂ
ਗੁਰਾਂ ਪਾੜ ਕੇ ਟੋਟੇ ਕਰ ਦਿੱਤਾ ਗਲ ਕਹੀ ਜ਼ਬਾਨੋਂ
ਧੰਨ ਮਹਾਂ ਸਿੰਘ ਧੰਨ ਹੈ, ਧੰਨ ਧੰਨ ਹੈ ਸਿੱਖੀ
ਮਹਾਂ ਸਿੰਘ, ਤੂੰ ਰੱਖ ਲਈ ਮਾਝੇ ਦੀ ਸਿੱਖੀ।

—

## ਗਵਾਚੀ ਰੁੱਤ

ਹੁਬਕੀਂ ਹੁਬਕੀਂ ਰੋਂਦੀ ਰਹਿੰਦੀ, ਨਾ ਮਰਦੀ ਨਾ ਜਿਉਂਦੀ,
ਹਰ ਪਲ ਸੂਲੀ ਉੱਤੇ ਲਟਕੇ, ਸੱਖਣੀ ਜਿੰਦ ਵਿਚਾਰੀ।
ਹਾਦਸਿਆਂ ਵਿੱਚ ਰਾਤਾਂ ਰੰਗੀਆਂ, ਵੈਣਾਂ ਵਿੱਚ ਦਿਹੁੰ ਭਿੱਜੇ,
ਹਉਕੇ, ਹੰਝੂ ਤੇ ਹਟਕੋਰੇ ਏਹੋ ਰਾਸ ਹਮਾਰੀ।
ਹੱਥਾਂ ਉੱਤੇ ਲੱਗੀ ਮਹਿੰਦੀ ਸੁੱਕਣੋਂ ਪਹਿਲਾਂ ਮੋਈ,
ਤਿੜਕ ਗਿਆ ਸ਼ਗਨਾਂ ਦਾ ਚੂੜਾ, ਟੁੱਟ ਗਈ ਲਾਲ ਪਟਾਰੀ।
ਹਸਦਾ ਵਸਦਾ ਮੌਸਮ ਸਾਡਾ, ਧਾਹੀਂ ਧਾਹੀਂ ਰੋਇਆ,
ਸੱਜਰੀ ਰੱਤ ਨਾਲ ਰੁੱਤ-ਕੁੜੀ ਦੀ, ਕੀਹਨੇ ਮਾਂਗ ਸਵਾਰੀ ?
ਰੱਤ ਰੰਗੀ ਨ੍ਹੇਰੀ ਨੇ ਸਿਰ ਤੋਂ ਸੂਹਾ ਸਾਲੂ ਲਾਹਿਆ,
ਚੰਦਰੇ ਲੇਖਾਂ ਰੁੱਤ ਕੁਲਹਿਣੀ ਸਾਡੇ ਮੱਥੇ ਮਾਰੀ।
ਅੱਖੀਆਂ 'ਚੋਂ ਚਾਵਾਂ ਦਾ ਸੁਰਮਾ ਧਾਰਾਂ ਬਣ ਵਹਿ ਤੁਰਿਆ,
ਕੌਣ ਬਿਹਾਗਣ ਹੋਈ! ਕਿਸਨੇ ਚਿੱਟੀ ਬੁੱਕਲ ਮਾਰੀ।
ਰੀਝਾਂ ਦੇ ਨਾਲ ਜਿਸ ਬੂਹੇ ਤੇ, ਰਾਤੀਂ ਤੇਲ ਚੁਆਈਏ,
ਦਿਨ ਚੜ੍ਹਦੇ ਨੂੰ ਬੈਠਣ ਆ ਕੇ, ਗਿਰਝਾਂ ਮਾਰ ਉਡਾਰੀ।
ਕੋਮਲ ਜਿੰਦ ਕਲੀਆਂ ਦੀ ਹਾਨਣ ਸੂਲਾਂ ਸੰਗ ਪਰਨਾਈ
ਨੰਗੇ ਪੈਰ ਤੇ ਤਲੀਏਂ ਮਹਿੰਦੀ, ਰਾਹੀਂ ਅੱਗ ਖਿਲਾਰੀ।
ਆਹਾਂ ਧਾਹਾਂ ਤੇ ਫਰਿਆਦਾਂ, ਅੰਬਰ ਸੁੰਨਾ ਹੋਇਆ,
ਕਲਮਾਂ ਵਾਲੇ ਬੇਵੱਸ ਹੋਏ, ਕੀ ਕੋਈ ਕਰੇ ਲਿਖਾਰੀ।
ਸਦਕੇ ਜਾਵਾਂ! ਜੇ ਕੋਈ ਸਾਡੀ ਰੁੱਤ ਗਵਾਚੀ ਮੋੜੇ,
ਰੁੱਤ, ਜਿਸਦੀ ਖੁਸ਼ਬੋਈ ਸਾਨੂੰ ਸਾਹਾਂ ਤੋਂ ਵੀ ਪਿਆਰੀ।

—

# ਕੋਈ ਮੋੜ ਲਿਆਵੋ

ਕੋਈ ਮੋੜ ਲਿਆਵੋ ਨੀ
ਰਾਂਝੇ ਦੀ ਵੰਝਲੀ ਨੂੰ
ਮਿਰਜ਼ੇ ਦੀਆਂ ਸੱਦਾਂ ਨੂੰ
ਤੀਆਂ ਦੇ ਗਿੱਧੇ ਨੂੰ
ਚਰਖਿਆਂ ਦੀ ਘੂਕਰ ਨੂੰ
ਤੇ ਕਲੀਆਂ ਲਾਉਂਦੇ ਹੋਏ
ਹਾਲੀ ਦੀਆਂ ਹੇਕਾਂ ਨੂੰ
ਮੇਲਿਆਂ ਦੀ ਰੌਣਕ ਨੂੰ
ਝੂਟਦੀਆਂ ਪੀਘਾਂ 'ਤੇ
ਝੂਲਦੀਆਂ ਗੁੱਤਾਂ ਨੂੰ
ਪਿਪਲਾਂ ਦੀਆਂ ਛਾਵਾਂ ਨੂੰ
ਕੋਈ ਮੋੜ ਲਿਆਵੋ ਨੀ
ਪਿਪਲਾਂ ਦੀਆਂ ਛਾਵਾਂ ਨੀ

ਬਲਦਾਂ ਦੀਆਂ ਟੱਲੀਆਂ ਦਾ
ਮੱਕੀ ਦੀਆਂ ਛੱਲੀਆਂ ਦਾ
ਅਧ ਪੱਕੀਆਂ ਬੱਲੀਆਂ ਦਾ
ਕਣਕਾਂ ਦੇ ਬੋਹਲਾਂ ਦਾ
ਤੇ ਤੱਤੀਆਂ ਹੋਲਾਂ ਦਾ
ਸੋਨੇ ਜਹੇ ਸਿੱਟਿਆਂ ਦਾ
ਮੈਂ ਵਾਸਤਾ ਪਾਵਾਂ ਨੀ
ਕੋਈ ਮੋੜ ਲਿਆਵੋ ਨੀ
ਪਿਪਲਾਂ ਦੀਆਂ ਛਾਵਾਂ ਨੀ

ਸਦਕੇ ! ਕੋਈ ਉਠੋ ਵੇ !
ਹਾੜ੍ਹੇ ! ਕੋਈ ਰੋਕੋ ਵੇ !
ਭੈਣਾਂ ਦਿਆਂ ਵੈਣਾਂ ਨੂੰ
ਝੱਲੇ ਜਾਣ ਹਾਉਕੇ ਨਾ
ਅੱਲੜ੍ਹ ਮੁਟਿਆਰਾਂ ਦੇ
ਸਿਰ ਗੁੰਦੇ ਰਹਿ ਜਾਣ ਜੇ
ਅਲਬੇਲੀਆਂ ਨਾਰਾਂ ਦੇ
ਬੰਦ ਕਰੋ ਕੀਰਨੇ ਵੇ
ਹਿੱਕ ਪਿੱਟਣੀ ਪੈਂਦੀ ਕਿਉਂ
ਪੁੱਤਾਂ ਦੀਆਂ ਮਾਵਾਂ ਨੂੰ
                ਕੋਈ ਮੋੜ ਲਿਆਵੋ ਨੀ
                ਪਿਪਲਾਂ ਦੀਆਂ ਛਾਵਾਂ ਨੂੰ

ਕਦੇ ਮੇਰੇ ਵਤਨਾਂ ਤੋਂ
'ਵਾ ਠੰਢੀ ਆਵੇ ਨੀ
ਜੀਹਦੇ ਵਸਦੇ ਸ਼ਹਿਰ ਗਰਾਂ
ਅੱਜ ਬਣ ਗਏ 'ਆਵੇ' ਨੀ
ਨਾ ਹੁੱਬ ਕੇ ਜੰਨ ਚੜ੍ਹੇ
ਭੁੱਲ ਗਏ ਮੁਕਲਾਵੇ ਨੀ
ਪੌਣਾਂ ਦੇ ਰੁਮਕਣ ਤੋਂ
ਡਰ ਲਗਦੈ ੯-*ਸਾਹਵਾਂ ਨੂੰ
                ਕੋਈ ਮੋੜ ਲਿਆਵੋ ਨੀ
                ਪਿਪਲਾਂ ਦੀਆਂ ਛਾਵਾਂ ਨੂੰ

ਲਹੂ ਭਿੱਜੇ ਆਂਙਣ ਵਿੱਚ
ਕਿੰਜ ਸੁਪਨੇ ਸਿਰਜਾਂ ਨੀ
ਉੱਡ ਜਾਣ ਬਨੇਰੇ ਤੋਂ
ਚੰਦਰੀਆਂ ਗਿਰਝਾਂ ਨੀ
ਲੈ ਆਣ ਬੈਠਾਵੇ ਕੋਈ
ਏਥੇ ਕਾਸਦ ਕਾਵਾਂ ਨੂੰ
ਕੋਈ ਮੋੜ ਲਿਆਵੋ ਨੀ
ਪਿਪਲਾਂ ਦੀਆਂ ਛਾਵਾਂ ਨੂੰ

ਇੱਕ ਉੱਚੀ ਟਾਹਲੀ 'ਤੇ
ਕੋਈ ਬੋਟ ਮਲੂਕ ਜਿਹਾ
ਪੁੱਛੇ ਮਾਂ ਘੁੱਗੀ ਨੂੰ
ਹੁਬਕੀਂ ਹੁਬਕੀਂ ਰੋਵੇ
ਅੰਮੀਏ ਨੀ, ਦੱਸ ਮੈਨੂੰ
ਗਈ ਰਾਤ ਸਰਕੜੇ ਵਿੱਚ
ਨਿਤ ਕੜ ਕੜ ਕਿਉਂ ਹੋਵੇ ?
ਸੌਣਾ ਤਾਂ ਮਿਲਦਾ ਨਹੀਂ
ਚੱਲ ਏਥੋਂ ਉੱਡ ਚੱਲੀਏ
ਦਰਿਆ ਤੋਂ ਪਾਰ ਪਰ੍ਹਾਂ
ਜਿੱਥੇ ਚੁੱਪ ਚਾਂ ਹੋਵੇ
ਮੇਰੇ ਸੋਹਲ ਮਲੂਕੜਿਆ !
ਰੱਬ ਤੇਰੀ ਖੈਰ ਕਰੇ ! ਦੱਸ ਕਿੱਥੇ ਚੱਲ ਬਹੀਏ ?
ਏਥੇ ਕੋਈ ਬਸਤੀ ਨਹੀਂ
ਜਿੱਥੇ ਜਿੰਦ ਸਸਤੀ ਨਹੀਂ
ਜਦ ਕੜ ਕੜ ਹੁੰਦੀ ਏ

ਫਿਰ ਦੂਜੇ ਪਾਸਿਉਂ ਵੀ
ਕੜਕਾਟਾ ਉਠਦਾ ਹੈ
ਤੇ ਘੁੱਪ ਹਨੇਰੇ ਵਿੱਚ
ਜਦ ਰਾਤ ਸ਼ੂਕਦੀ ਹੈ
ਫਿਰ ਕੰਬਣੀ ਛਿੜਦੀ ਹੈ
ਵਗਦੇ ਦਰਿਆਵਾਂ ਨੂੰ
                ਕੋਈ ਮੋੜ ਲਿਆਵੋ ਨੀ
                ਪਿਪਲਾਂ ਦੀਆਂ ਛਾਵਾਂ ਨੂੰ

ਅਜੇ ਹੋਰ ਕਦੋਂ ਤੱਕ ਨੀ
ਜਖਮਾਂ ਨੇ ਰਿਸਣਾ ਏਂ
ਜਿੱਥੇ ਵਟਣੇ ਮਲ ਮਲ ਕੇ
ਪਟੜਿਆਂ ਤੇ ਨ੍ਹਾਉਣਾ ਸੀ
ਕਰ ਛਾਂ ਫੁਲਕਾਰੀ ਦੀ
ਭਰਜਾਈਆਂ ਹੱਸਣਾ ਸੀ
ਭੈਣਾਂ ਨੇ ਗਾਉਣਾ ਸੀ
ਉੱਥੇ ਹੋਰ ਕਦੋਂ ਤੱਕ ਵੇ
ਸੱਥਰਾਂ ਨੇ ਵਿਛਣਾ ਏ
ਜਿੰਦਾਂ ਨੂੰ ਸਾੜਨ ਲਈ
ਹਾਉਕਿਆਂ ਦਾ ਸੇਕ ਬੁਰਾ
ਸੀਨੇ ਜੇ ਧੁਖਦੇ ਰਹੇ
ਦਿਲ ਦੇ ਨਾਸੂਰ ਬੁਰੇ
ਜੇ ਏਦਾਂ ਈ ਰਿਸਦੇ ਰਹੇ
ਰੋ ਰੋ ਕੇ ਅੱਖਾਂ ’ਚੋਂ
ਇੰਝਾਂ ਸੁੱਕ ਜਾਣਗੀਆਂ

ਵੱਲ ਪਾਣੀ ਵਾਰਨ ਦਾ
ਮਾਵਾਂ ਭੁੱਲ ਜਾਣਗੀਆਂ
ਲਟਬੌਰੀਆ ਹੋ ਹੋ ਕੇ
ਹੱਥ ਉੱਚੇ ਕਰ ਕਰ ਕੇ
ਉਹ ਵਾਜਾਂ ਦੇਣਗੀਆਂ
ਪੁੱਤਾਂ ਦੀਆਂ ਰਾਹਵਾਂ ਨੂੰ
ਕੋਈ ਮੋੜ ਲਿਆਵੋ ਨੀ
ਪਿਪਲਾਂ ਦੀਆਂ ਛਾਵਾਂ ਨੂੰ

---

## ਜਿੰਦੇ ਨੀ.....

ਜਿੰਦੇ ਨੀ!
ਕਿਸ ਜੂਨ ਸੰਗ
ਆਪਾਂ ਪਰਣਾਏ।
ਸਾਡੇ ਰਾਹੀਂ ਬੀਜੇ ਭੱਖੜੇ
ਤੇ ਰੋੜ ਖਿੰਡਾਏ
ਤਲੀਆਂ ਹੇਠਾਂ ਸਮੇਂ ਨੇ
ਅੰਗਿਆਰ ਵਿਛਾਏ
ਸੀਨੇ ਲਟ ਲਟ ਮੱਚਦੇ
ਬੁਲ੍ਹ ਰਹਿਣ ਤਿਹਾਏ
    ਜਿੰਦੇ ਨੀ, ਕਿਸ ਜੂਨ ਸੰਗ
    ਆਪਾਂ ਪਰਣਾਏ।

ਜਿੰਦੇ ਨੀ, ਕਿਸ ਜੂਨ ਸੰਗ
ਆਪਾਂ ਪਰਣਾਏ।
ਕਲੀਆਂ ਹੋਈਆਂ ਨੀਲੀਆਂ
ਪੱਤੇ ਮੁਰਝਾਏ
ਬਿਟ ਬਿਟ ਤੱਕਦੇ ਫੁੱਲਾਂ 'ਚੋਂ ਵੀ
ਮਹਿਕ ਨਾ ਆਏ!
ਕਿਹੜੇ ਰੁੱਖ ਦੀ ਛਾਂ ਹੇਠਾਂ
ਕੋਈ ਖੇਡਣ ਜਾਏ।
ਇਸ ਬਸਤੀ ਦਾ ਹਰ ਇੱਕ ਰੁੱਖ ਹੀ
ਅੱਗ ਬਰਸਾਏ
ਚਿਪ ਚਿਪ ਕਰਦੀ ਧਰਤ ਤੇ
ਤੁਰਿਆ ਨਾ ਜਾਏ
ਖੇਡਣ ਰੁੱਤੇ, ਨਾ ਕੋਈ

ਸੁੱਕਾ ਥਾਂ ਥਿਆਏ।
ਦਾਨਿਸ਼ਵਰੋ ਤੇ ਚਿੰਤਕੋ!
ਕੋਈ ਸਮਝਾਏ!
ਹੱਥੀਂ ਪਾਲ ਕੇ ਪੁੱਤ ਦਾ
ਕਿਵੇਂ ਸਿਵਾ ਕੋਈ
ਸੇਕਣ ਜਾਏ?
ਜਿੰਦੇ ਨੀ, ਕਿਸ ਜੂਨ ਸੰਗ
ਆਪਾਂ ਪਰਣਾਏ।

ਜਿੰਦੇ ਨੀ, ਕਿਸ ਜੂਨ ਸੰਗ
ਆਪਾਂ ਪਰਣਾਏ।
ਕਿਸੇ ਵੇਦ ਕਤੇਬੇ ਏਸਦਾ
ਨਾ ਜ਼ਿਕਰ ਥਿਆਏ
ਨਾ ਕੋਈ ਸੁੱਕੀਆਂ ਬੁੱਲ੍ਹੀਆਂ
'ਤੇ ਸ਼ਬਦ ਬਿਠਾਏ
ਇਸ ਚੁਪ-ਯੁਗ ਦੀ ਸਿਰਜਣਾ
ਕਿਸ ਕੀਤੀ ਹਾਏ!
ਇਸ ਗੁੰਗੇ ਯੁਗ ਦੀ ਸਿਰਜਣਾ
ਇਸ ਪੰਜਵੇਂ ਯੁਗ ਦੀ ਸਿਰਜਣਾ
ਕਿਸ ਕੀਤੀ ਹਾਏ!
ਕਦੇ ਪਿਛਲੇ ਪੱਤਰੇ ਲਿਖਣਗੇ
ਸਮਿਆਂ ਦੇ ਜਾਏ
ਕਿਧਰੇ ਅੱਜ ਦੀ ਚੁੱਪ ਨਾ
ਦੋਸ਼ੀ ਕਹਿਲਾਏ।
ਜਿੰਦੇ ਨੀ, ਕਿਸ ਜੂਨ ਸੰਗ
ਆਪਾਂ ਪਰਣਾਏ।

ਇਸ ਉਜੜ ਚੱਲੇ ਬਾਗ ਵਿੱਚ
ਕੋਈ ਪੂਰਨ ਆਏ
ਚੰਬਾ ਮਰੂਆ ਕੇਵੜਾ
ਜੋਬਨ ’ਤੇ ਆਏ
ਹਾਇ ਨੀ! ਜਿੰਦੇ ਮੇਰੀਏ
ਉਹ ਦਿਨ ਕਦ ਆਏ
ਅੱਡੀਆਂ ਚੱਕ ਚੱਕ ਵੇਖੀਏ
ਸਾਨੂੰ ਚੈਨ ਨਾ ਆਏ
ਜਿੰਦੇ ਨੀ, ਕਿਸ ਜੂਨ ਸੰਗ
ਆਪਾਂ ਪਰਣਾਏ।
ਕਲੀਆਂ ਹੋਈਆਂ ਨੀਲੀਆਂ
ਪੱਤੇ ਮੁਰਝਾਏ
ਬਿਟ ਬਿਟ ਤੱਕਦੇ ਫੁੱਲਾਂ ’ਚੋਂ ਵੀ
ਮਹਿਕ ਨਾ ਆਏ।

—

## ਅੰਤਰ ਰਾਸ਼ਟਰੀ ਬਾਲ ਵਰ੍ਹਾ...... (ਗੀਤ)

ਦੁਨੀਆਂ ਵਾਲਿਉ ਜ਼ਰਾ ਧਿਆਨ ਕਰਨਾ
ਹੁੰਦੇ ਦੇਸ਼ ਦੀ ਜਿੰਦ ਤੇ ਜਾਨ ਬੱਚੇ।
ਬੱਚੇ ਵਿਹੜੇ ਦੀ ਖਿੜੀ ਗੁਲਜ਼ਾਰ ਹੁੰਦੇ
ਹੁੰਦੇ ਕੌਮ ਦੀ ਆਨ ਤੇ ਸ਼ਾਨ ਬੱਚੇ।
ਬੱਚੇ ਨਾਂ ਹੈ ਉਸ ਦੀਆਂ ਰਹਿਮਤਾਂ ਦਾ
ਸੱਚੇ ਰੱਬ ਦਾ ਹੁੰਦੇ ਵਰਦਾਨ ਬੱਚੇ।
ਇਜ਼ਤ ਆਬਰੂ ਪਿਤਾ ਦੀ ਲੋਕ ਆਖਣ
ਹੁੰਦੇ ਮਾਂ ਦੀ ਕੁੱਖ ਦਾ ਮਾਣ ਬੱਚੇ।
ਬੱਚਿਆਂ ਵਾਲਿਓ ਭਾਗਾਂ ਵਾਲਿਓ
ਮੇਰੀ ਸੁਣ ਲਓ ਇੱਕ ਪੁਕਾਰ
ਮੈਂ ਟੋਟਾ ਥੋਡੇ ਜਿਗਰ ਦਾ
ਥੋਡੀ ਬੁੱਕਲ ਦਾ ਸ਼ਿੰਗਾਰ।
ਆਪੇ ਲੱਖਾਂ ਸੁਖਣਾਂ ਸੁਖਦੇ
ਰੱਬਾ ਕਰ ਦੇ ਪਰਉਪਕਾਰ
ਫੁੱਲ ਖਿੜ ਜਾਣ ਸਖਣੇ ਅੰਙਣੀਂ
ਜੇ ਮਿਹਰ ਕਰੇ ਕਰਤਾਰ
ਬੱਚੇ ਚਾਨਣ ਕਰਦੇ ਨੇਤਰੀਂ
ਬੱਚਿਆਂ ਬਾਝੋਂ ਨ੍ਹੇਰ ਗੁਬਾਰ
ਸਾਨੂੰ ਗੁਰਬਾਣੀ ਹੈ ਦੱਸਦੀ
ਪੁੱਤੀਂ ਗੰਢ ਪਵੇ ਸੰਸਾਰ
ਐਸੀ ਮਿੱਠੀ ਕੋਈ ਦਾਤ ਨਾ
ਭਾਵੇਂ ਸ਼ਹਿਦ ਦੇ ਲਾਓ ਅੰਬਾਰ
ਪਰ ਹਾਲ ਅਸਾਡਾ ਵੇਖ ਲਓ
ਸਾਡੀ ਸੁਣ ਲਓ ਚੀਕ ਪੁਕਾਰ

ਅੱਜ ਵਰ੍ਹਾ ਅਸਾਡਾ ਆ ਗਿਆ
ਹਰ ਥਾਂ ਜਸ਼ਨਾਂ ਦੀ ਭਰਮਾਰ
ਪਰ ਨਾ ਨੇੜੇ ਹੋ ਕੇ ਲੈ ਰਿਹਾ
ਕੋਈ ਸਾਡੇ ਦੁਖ ਦੀ ਸਾਰ
ਮੈਂ ਢਿੱਡੋਂ ਭੁੱਖਾ ਵਿਲਕਦਾ
ਡਾਢਾ ਬੇਬਸ ਅਤੇ ਲਾਚਾਰ
ਮੇਰੇ ਪੈਰ ਵਿਹੂਣੇ ਜੁੱਤੀਓਂ
ਮੇਰੇ ਪਾਇਆ ਤੇੜ ਲੰਗਾਰ
ਮੈਂ ਰੁਲਦਾ ਮੰਦੜੇ ਹਾਲ ਹਾਂ
ਮੈਨੂੰ ਕੀ ਵਿੱਦਿਆ ਦੀ ਸਾਰ
ਫਿਰਦੇ ਭਿਛਿਆ ਮੰਗਦੇ ਟੇਸ਼ਣੀਂ
ਮੇਰੇ ਵਰਗੇ ਕਈ ਹਜ਼ਾਰ
ਲੱਖਾਂ ਭਾਂਡੇ ਮਾਂਜਣ ਹੋਟਲੀਂ
ਮੇਰੇ ਦੇਸ਼ ਦੇ ਬਰਖ਼ੁਰਦਾਰ
ਏਸ ਕੱਚੀ ਉਮਰੇ ਟੁੱਕ ਦਾ
ਮੇਰੇ ਸਿਰ 'ਤੇ ਟੁੱਟਿਆ ਭਾਰ
ਮੈਨੂੰ ਜੰਮ ਕੇ ਹੋਏ ਨਸੀਬ ਨਾ
ਕਦੇ ਖੇਡਣ ਦੇ ਦਿਨ ਚਾਰ
ਮੈਂ ਜੰਮਦਾ ਈ ਕੋਹਲੂ ਜੁੜ ਗਿਆ
ਹੋਇਆ ਭੁੱਖ ਤੇਹ ਤੋਂ ਬੇਜ਼ਾਰ
ਮੇਰੇ ਚਾਵਾਂ ਦੀ ਅਰਥੀ ਉੱਠ ਗਈ
ਦੱਬ ਕੇ ਰਹਿ ਗਏ ਲਾਡ ਪਿਆਰ
ਕਿਸੇ ਅੱਜ ਤੱਕ ਮੇਰੇ ਹਾਲ 'ਤੇ
ਨਾ ਡੋਲ੍ਹੇ ਹੰਝੂ ਚਾਰ

ਸਾਰੇ ਜਤਨ ਕਿਤਾਬੀਂ ਰੁਲ ਗਏ
ਮੇਰੇ ਗਲੋਂ ਨਾ ਲਹੀ ਵਗਾਰ
ਥੋਨੂੰ ਇੱਕ ਮਾਪਿਓ ਬੇਨਤੀ
ਮੈਂ ਕਰਦਾ ਆਖਰਕਾਰ
ਜੇ ਸਿਰ ਉੱਚਾ ਕਰਨਾ ਕੌਮ ਦਾ
ਤਾਂ ਉੱਠੋ ਹੰਭਲਾ ਮਾਰ
ਕੋਈ ਘੜੋ ਵਿਉਂਤਾ ਸੁਹਣੀਆਂ
ਕਰ ਕੇ ਡੂੰਘੀ ਸੋਚ ਵਿਚਾਰ
ਮੇਰੀ ਬਦਲ ਦਿਓ ਤਕਦੀਰ ਨੂੰ
ਜੀਹਨੂੰ ਵੇਖੇ ਕੁਲ ਸੰਸਾਰ

—

# ਪਰਉਪਕਾਰੀ ਗੁਰੂ ਨਾਨਕ

ਧਰਤੀ ਕੰਬਦੀ ਪਾਪਾਂ ਦੇ ਭਾਰ ਹੇਠਾਂ
ਹੈ ਸੀ ਬੜਾ ਹੀ ਨ੍ਹੇਰ ਗੁਬਾਰ ਛਾਇਆ
ਛਾਈ ਮੱਸਿਆ ਜ਼ੁਲਮ ਤੇ ਜਬਰ ਵਾਲੀ
ਸੂਰਜ ਸੱਚ ਦਾ ਕਦੇ ਨਾ ਨਜ਼ਰ ਆਇਆ
ਫੁੱਟੀ ਨੂਰ ਦੀ ਰਿਸ਼ਮ ਕਾਲੀ ਰਾਤ ਅੰਦਰ
ਸੱਚੇ ਰੱਬ ਦਾ ਆਪ ਅਵਤਾਰ ਆਇਆ
ਦਰਦਮੰਦਾਂ ਦੀ ਚੀਕ ਪੁਕਾਰ ਸੁਣਕੇ
ਡੁਬਦੀ ਬੇੜੀ ਨੂੰ ਕਰਨ ਲਈ ਪਾਰ ਆਇਆ

ਸੌਦੇ ਕਰੇ ਸੱਚੇ ਕਦੇ ਚਾਰੇ ਮੱਝੀਂ
ਕਦੇ ਸੱਪਾਂ ਤੋਂ ਛਾਂ ਕਰਵਾ ਛੱਡੇ
ਕਦੇ ਤੀਰਥੀ ਜਾਂ ਭੁੱਲੇ ਭਟਕਿਆਂ ਦੇ
ਉਹਨੇ ਸਦਾ ਲਈ ਭਰਮ ਮਿਟਾ ਛੱਡੇ
ਉਹਨੇ ਠੱਗਾਂ ਤੋਂ ਸੱਜਣ ਬਣਾ ਛੱਡੇ
ਕੌਡੇ ਰਾਖਸ਼ ਵੀ ਰਸਤੇ ਪਾ ਛੱਡੇ
ਮਾਣ ਤੋੜੇ ਉਸ ਵਲੀ ਹੰਕਾਰੀਆਂ ਦੇ
ਪੰਜੇ ਨਾਲ ਪਹਾੜ ਅਟਕਾ ਛੱਡੇ
ਕਿਰਤੀ ਲਾਲੋ ਦਾ ਸੁੱਕਾ ਟੁੱਕ ਖਾ ਕੇ
ਮਲਕ ਭਾਗੋ ਜਹੇ ਓਸ ਨਿਵਾਅ ਛੱਡੇ
ਜਾ ਕੇ ਸੋਧਿਆ ਸਿਧਾਂ ਨੂੰ ਪਰਬਤਾਂ ਤੇ
ਢਾਕਾ ਅਤੇ ਆਸਾਮ ਵਰੋਸਾਅ ਛੱਡੇ
ਚਾਰੇ ਕੂਟ ਸੁਮੇਰ ਬਗਦਾਦ ਮੱਕਾ
ਥਾਂ ਥਾਂ ਰੱਬੀ ਪੈਗ਼ਾਮ ਪੁਚਾ ਛੱਡੇ।
ਦਿੱਤੀ ਸਿੱਖਿਆ ਓਸ ਬਰਾਬਰੀ ਦੀ
ਕਿਹਾ ਇੱਕੋ ਹੀ ਹੈਨ ਇਨਸਾਨ ਸਾਰੇ

ਨਾ ਕੋਈ ਉਤਮ ਤੇ ਨਾ ਕੋਈ ਨੀਚ ਏਥੇ
ਇੱਕੋ ਪਿਤਾ ਦੀ ਹੈਨ ਸੰਤਾਨ ਸਾਰੇ
ਉਹਨੇ ਮੰਗਿਆ ਭਲਾ ਸਰਬੱਤ ਵਾਲਾ
ਝੱਲੇ ਸਾਡੇ ਲਈ ਓਸ ਨੇ ਕਸ਼ਟ ਭਾਰੇ
ਭਟਕੇ ਲੋਕਾਂ ਲਈ ਹੱਥ ਮਸ਼ਾਲ ਲੈ ਕੇ
ਦਸ ਜਨਮ ਮਨੁੱਖਤਾ ਲਈ ਵਾਰੇ

ਕਿਸੇ ਜਨਮ ਉਸ ਧਰਤ ਦਾ ਰਟਣ ਕੀਤਾ
ਕਿਸੇ ਜਨਮ ਬੈਠਾ ਤੱਤੀ ਤਵੀ ਉੱਤੇ
ਤਿਲਕ ਜੰਞੂ ਦਾ ਬਣਕੇ ਕਦੇ ਰਾਖਾ
ਬੈਠਾ ਚਾਂਦਨੀ ਚੌਂਕ ਦੀ ਥੜ੍ਹੀ ਉੱਤੇ
ਸੀਸ ਦੇ ਦਿੱਤਾ ਸਿਰੜ ਨਹੀਂ ਦਿੱਤਾ
ਸਦਕੇ ! ਐਹੋ ਜਿਹੇ ਸਿਦਕ ਦੀ ਲੜੀ ਉੱਤੇ
ਕਦੇ ਵਾਰ ਕੇ ਸਾਰਾ ਪਰਵਾਰ, ਬੈਠਾ
ਉੱਚਾ ਹੋ ਕੇ ਜ਼ੁਲਮ ਦੀ ਮੜ੍ਹੀ ਉੱਤੇ
ਮਿਧਦਾ ਫਿਰੇ ਕੰਡਿਆਲੀਆਂ ਝਾੜੀਆਂ ਨੂੰ
ਲੀਰੋ ਲੀਰ ਬਾਣਾ, ਪੈਰੋਂ ਫਿਰੇ ਨੰਗਾ
ਕਹਿੰਦਾ ਭੱਠ ਜਾਪੇ ਰਹਿਣਾ ਖੇੜਿਆਂ ਦਾ
ਸੱਥਰ ਯਾਰੜੇ ਦਾ ਸਾਨੂੰ ਕਿਤੇ ਚੰਗਾ

ਨਾਨਕ ਪਾਤਸ਼ਾਹ, ਧੰਨ ਹੈਂ ਧੰਨ ਹੈਂ ਤੂੰ
ਗਿਣੇ ਜਾਂਦੇ ਨਹੀਂ ਸਾਥੋਂ ਉਪਕਾਰ ਤੇਰੇ
ਸਦਾ ਰਹੂ ਮਨੁੱਖਤਾ ਰਿਣੀ ਤੇਰੀ
ਮੈਂ ਬਲਿਹਾਰ ਦਾਤਾ, ਮੈਂ ਬਲਿਹਾਰ ਤੇਰੇ।

—

## ਕੱਤੇ ਦੀ ਪੁੰਨਿਆ ਸੀ

ਕੱਤੇ ਦੀ ਪੁੰਨਿਆ ਸੀ
ਚੰਦਰਮਾ ਪੂਰਾ ਸੀ
ਉਸ ਦਿਨ ਹੀ ਬਾਬੇ ਦਾ
ਪ੍ਰਕਾਸ਼ ਦਿਹਾੜਾ ਸੀ
ਅੱਧੀ ਸੀ ਰਾਤ ਗਈ
ਤੇ ਅੱਧੀ ਬਾਕੀ ਸੀ
ਮੈਨੂੰ ਜਾਗੋ ਮੀਟੀ ਵਿੱਚ
ਇੱਕ ਸੁਫਨਾ ਆਇਆ ਸੀ

ਇੱਕ ਨ੍ਹੇਰ ਗੁਬਾਰ ਜਿਹਾ
ਚਹੁੰ ਪਾਸੀਂ ਫੈਲ ਗਿਆ
ਜਿਉਂ ਕਾਲੀ ਬੋਲੀ ਜਹੀ
ਇੱਕ ਰਾਤ ਹਨੇਰੀ ਨੀ
ਸਰਰਾਟਾ ਪੌਣਾਂ ਦਾ
ਸੱਪ ਜਿਵੇਂ ਫੁੰਕਾਰੇ ਨੀ
ਬੱਦਲ ਫਿਰ ਗਰਜੇ ਨੀ
ਤੇ ਬਿਜਲੀ ਕੜਕੀ ਨੀ
ਦਿਲ ਡੁੱਬ ਡੁੱਬ ਜਾਏ ਨੀ
ਚੜ੍ਹ ਜਾਏ ਘੁਮੇਰੀ ਨੀ
ਮੈਂ ਹੋਸ਼ ਭੁਲਾ ਬੈਠੀ
ਮੈਂ ਸੁਰਤ ਗਵਾ ਬੈਠੀ
ਰੱਬ ਖੈਰ ਕਰੇ ਅੱਜ ਤਾਂ
ਜਿੰਦ ਹੋ ਗਈ ਢੇਰੀ ਨੀ

ਏਨੇ ਨੂੰ ਤੱਕਿਆ ਮੈਂ
ਜਿਉਂ ਚੜ੍ਹਨ ਸਵੇਰੇ ਨੀ
ਕੋਈ ਭਰ ਭਰ ਚਾਨਣ ਦੇ
ਜਿਉਂ ਬੁੱਕ ਖਲੇਰੇ ਨੀ

ਧੁੰਦਲਾ ਪਰਛਾਵਾਂ ਜਿਹਾ
ਰੁਮਕੇ ਜੋ ਪੌਣ ਤਰਾਂ
ਗਾਉਂਦਾ ਕੋਈ ਗੀਤ ਜਿਹਾ
ਢੁੱਕ ਚੱਲਿਆ ਨੇੜੇ ਨੀ
ਸੀ ਪਾਸੇ ਫੈਲ ਰਿਹਾ
ਕੋਈ ਮਧੁਰ ਸੰਗੀਤ ਜਿਹਾ

ਫਿਰ ਫਿੱਕਾ ਹੋ ਚੱਲਿਆ
ਅੰਧਕਾਰ ਚੁਫੇਰੇ ਨੀ
ਕਸਤੂਰੀ ਮਹਿਕ ਜਿਹਾ
ਕੁੰਗੂ ਦੀ ਬਾਸ ਜਿਹਾ
ਰਸਿਆ ਸ਼ਹਿਤੂਤ ਜਿਹਾ
ਭਿੰਨਾ ਅਹਿਸਾਸ ਜਿਹਾ
ਖੜ੍ਹ ਗਿਆ ਸਰਾਣੇ ਨੀ

ਮੱਥਾ ਨੂਰਾਨੀ ਸੀ
ਨੈਣਾਂ 'ਚ ਖੁਮਾਰੀ ਸੀ
ਦੁੱਧ ਚਿੱਟਾ ਚੋਲਾ ਸੀ
ਇੱਕ ਸੂਰਤ ਪਿਆਰੀ ਸੀ

ਇੱਕ ਨੂਰ ਇਲਾਹੀ ਸੀ
ਚਿਹਰੇ ਤੇ ਲਾਲੀ ਸੀ
ਮੈਂ ਝੱਟ ਪਛਾਣ ਲਿਆ
ਮੱਝੀਆਂ ਦਾ ਪਾਲੀ ਸੀ

ਜਿਸ ਪੀੜ ਪਰਾਈ ਨੂੰ
ਤਪ ਰਹੀ ਲੋਕਾਈ ਨੂੰ
ਦੁਖੀਆਂ ਦੁਖਿਆਰਿਆਂ ਨੂੰ
ਸਿਟਿਆਂ ਫਿਟਕਾਰਿਆਂ ਨੂੰ

ਡਿੱਗਿਆਂ ਦੁਰਕਾਰਿਆਂ ਨੂੰ
ਦਰਦਾਂ ਦੇ ਮਾਰਿਆਂ ਨੂੰ
ਫੜ ਬਾਂਹ ਉਠਾਇਆ ਸੀ
ਤੇ ਗਲੇ ਲਗਾਇਆ ਸੀ

ਤੱਕ ਸੂਰਤ ਪਿਆਰੀ ਨੀ
ਜਿੰਦ ਗਈ ਖ਼ੁਮਾਰੀ ਨੀ
ਇਉਂ ਜਾਪਣ ਲੱਗ ਪਿਆ
ਗਈ ਉਮਰ ਸੰਵਾਰੀ ਨੀ

ਮੈਂ ਨਮਸਕਾਰ ਕੀਤੀ
ਉਸ ਮੰਨੀ ਕੋਈ ਨਾ
ਤੇ ਪਾਸਾ ਵੱਟ ਲਿਆ
ਉਹਦੀਆਂ ਓਹੀ ਜਾਣੇ ਨੀ
ਲਗਦਾ ਕੁਸ਼ ਖ਼ਫ਼ਾ ਜਿਹਾ

ਫਿਰ ਅੰਤਰ ਮਨ ਹੋ ਕੇ
ਉਸ ਨੇਤਰ ਮੁੰਦ ਲਏ
ਫਿਰ ਜਿਵੇਂ ਮੁਖ਼ਾਤਿਬ ਹੋ
ਕੁਸ਼ ਮੁੱਖੋਂ ਬਚਨ ਕਹੇ:–

ਮੈਂ ਇਹ ਕੀ ਵੇਖ ਰਿਹਾਂ ?
ਅਜ ਦਾ ਵਰਤਾਰਾ ਇਹ !
ਕੀ ਕੁਫਰ ਚੁਫੇਰੇ ਹੀ
ਸਾਰੇ ਦਾ ਸਾਰਾ ਇਹ !
ਇੱਕ ਸੁੱਚੀ ਮਿਹਨਤ ਦਾ
ਤੇ ਕਿਰਤ ਕਮਾਈ ਦਾ

ਜੋ ਪਾਠ ਪੜ੍ਹਾਇਆ ਸੀ
ਫਿਰ ਵੰਡ ਕੇ ਛਕਣੇ ਦਾ
ਉਪਦੇਸ਼ ਸੁਣਾਇਆ ਸੀ

ਮੈਨੂੰ ਅੱਜ ਕਿਰਤੀ ਦਾ
ਸਤਿਕਾਰ ਨਾ ਦਿਸਦਾ ਏ
ਦੱਬਿਆਂ ਤੇ ਕੁਚਲਿਆਂ ਲਈ
ਉੱਠਦੀ ਨਾ ਹੂਕ ਕਿਤੇ
ਵਜਦੀ ਨਾ ਚੀਸ ਕਿਤੇ
ਹਿਰਦੇ ਸਮਰੱਥਾਂ ਦੇ
ਕਿਤੇ ਦਰਦ ਨਾ ਰਿਸਦਾ ਏ
ਏਥੇ ਵੰਡ ਕੇ ਛਕਦਾ ਵੀ
ਕੋਈ ਨਜ਼ਰ ਨਾ ਆਂਦਾ ਏ
ਹਰ ਕੋਈ ਦੂਜੇ ਤੋਂ
ਖੋਹ ਖੋਹ ਕੇ ਖਾਂਦਾ ਏ

ਸੋ ਕਿਉਂ ਮੰਦਾ ਆਖੀਐ
ਨੂੰ ਮਨੋਂ ਭੁਲਾਇਆ ਏ
ਔਰਤ ਦਾ ਸਤਿਕਾਰ ਕਦੇ ਨਾ
ਮਨ ਵਿੱਚ ਆਇਆ ਏ
ਨਿਤ ਦਿਹਾੜੇ ਛਿੜਦੀਆਂ
ਨਵੀਆਂ ਹੀ ਵਾਰਾਂ ਨੇ
ਲਟ ਲਟ ਕਰਕੇ ਮੱਚਦੀਆਂ
ਸੱਜ ਵਿਆਹੀਆਂ ਨਾਰਾਂ ਨੇ

ਚੂਸਣ ਲਹੂ ਗਰੀਬ ਦਾ
ਘੜ ਕੇ ਨਵੀਂ ਸ਼ਬੀਲ
ਏਥੇ ਹਰ ਕੋਈ ਨੀਂਵਿਆਂ

ਨੂੰ ਕਰਦਾ ਨਿਤ ਜ਼ਲੀਲ
ਸਭੇ ਸਾਂਝੀਵਾਲ ਵੀ
ਨਾ ਕਿਤੇ ਸਦੀਂਦੇ
ਇੱਕ ਦੂਜੇ ਦੀ ਰੱਤ ਨੂੰ
ਡੀਕਾਂ ਲਾ ਪੀਂਦੇ
ਲੈ ਸੂਈ ਸਿਦਕਾਂ ਦੀ
ਤੇ ਧਾਗਾ ਧਰਮਾਂ ਦਾ
ਪਾ ਸੀਊਣਾਂ ਸੱਚ ਦੀਆਂ
ਟੁੱਟੇ ਦਿਲ ਜੋੜੇ ਸੀ
ਫੜ ਦੋਹਾਂ ਹੱਥਾਂ ਵਿੱਚ
ਕੈਂਚੀ ਕੁਕਰਮਾਂ ਦੀ
ਚੀਰ ਚੀਰ ਕੇ ਤੇ
ਕਰ ਦਿੱਤੇ ਲੀਰਾਂ ਨੀ

ਮਨ ਜਿੱਤਣਾ ਇੱਕ ਪਾਸੇ
ਜੱਗ ਜਿੱਤਣਾ ਇੱਕ ਪਾਸੇ
ਜਿੱਤੀ ਹੋਈ ਬਾਜ਼ੀ ਵੀ
ਅੱਜ ਸਾਥੋਂ ਹਰ ਚੱਲੀ

ਕੀ ਬੋਲਾਂ ਤੇ ਕੀ ਨਾ ਬੋਲਾਂ
ਜੀਭਾ ਵੀ ਖੜ੍ਹ ਚੱਲੀ
ਕੀ ਉੱਤਰ ਦੇਵਾਂ ਮੈਂ
ਮੈਨੂੰ ਕੁਸ਼ ਅਹੁੜੇ ਨਾ
ਉਸ ਸੱਚੇ ਰਹਿਬਰ ਨੇ
ਜੋ ਝੂਣ ਜਗਾਈ ਸੀ
ਉਹ ਰੂਹ ਅੱਜ ਮਰ ਚੱਲੀ

ਆਉ ਰਲ ਸਾਰੇ ਹੀ
ਗਲ ਪੱਲਾ ਪਾ ਲਈਏ
ਰਲ ਤੌਬਾ ਕਰ ਲਈਏ
ਮਿਹਰਾਂ ਦੇ ਸਾਈਂ ਤੋਂ
ਦੁਨੀਆਂ ਦੇ ਵਾਲੀ ਤੋਂ
ਭੁੱਲਾਂ ਬਖਸ਼ਾ ਲਈਏ

ਆਪਣੇ ਹੀ ਆਪੇ ਸੰਗ
ਕਿਉਂ ਧੋਖਾ ਕਰਦੇ ਹਾਂ
ਏਥੇ ਕੋਈ ਉੱਚਾ ਨਾ
ਏਥੇ ਕੋਈ ਨੀਵਾਂ ਨਾ
ਵਸਦਾ ਹੈ ਨੂਰ ਉਹੀ
ਦਿਲ ਵਿੱਚ ਵਸਾ ਲਈਏ
ਬਾਹੋਂ ਫੜ ਨੀਵਿਆਂ ਨੂੰ
ਗਲ ਨਾਲ ਲਗਾ ਲਈਏ
ਪੂੰਜੀ ਇਹ ਪਿਆਰਾਂ ਦੀ
ਅਦਬਾਂ ਸਤਿਕਾਰਾਂ ਦੀ
ਰਹਿੰਦੀ ਜੋ ਬਾਕੀ ਹੈ
ਦੋ ਚਾਰ ਦਿਹਾੜੇ ਦੀ
ਉਸ ਸੱਚੇ ਪ੍ਰੀਤਮ ਦੇ
ਚਰਨਾਂ ਵਿੱਚ ਲਾ ਲਈਏ।

—

## ਬੰਦਾ

ਬੰਦਾ ਬੰਦੇ ਦਾ ਦਾਰੂ ਹੈ ਬੰਦਾ ਬੰਦੇ ਦਾ ਦਰਦੀ ਹੈ
ਬੰਦਾ ਬੰਦੇ ਤੇ ਚਿੜ੍ਹਦਾ ਹੈ ਬੰਦੇ ਤੇ ਬੰਦਾ ਸੜਦਾ ਹੈ
ਇਹ ਸ਼ਕਲੋਂ ਡਾਢਾ ਸੁਹਣਾ ਹੈ ਤੇ ਅਕਲਾਂ ਦਾ ਭੰਡਾਰਾ ਹੈ
ਪਰ ਬੰਦਾ ਏਨਾ ਮਚਲਾ ਹੈ ਕੰਨ ਪੁੱਠੇ ਪਾਸਿਉਂ ਫੜਦਾ ਹੈ

ਜੇ ਗੌਂ ਹੋਵੇ ਤਾਂ ਸੱਤ ਢੁੱਟਾ ਵੀ ਗੋਡਿਆਂ ਪਰਨੇ ਰਿੜ੍ਹਦਾ ਹੈ
ਆਪਣੇ ਤੋਂ ਮਾੜੇ ਦੇ ਸਾਹਵੇਂ ਆਕੜ ਆਕੜ ਖੜ੍ਹਦਾ ਹੈ

ਬੰਦਾ ਇਸ ਗੱਲ ਤੋਂ ਜਾਣੂ ਹੈ ਕਿ ਨਿਮਕੀ ਬੜੀ ਨਿਆਮਤ ਹੈ
ਨਾ ਜਾਣੇ ਕਿਉਂ ਫਿਰ ਵੀ ਬੰਦਾ ਅੱਡੀਆਂ ਚੁੱਕ ਚੁੱਕ ਖੜ੍ਹਦਾ ਹੈ

ਰੱਬ ਸਿਰਜਣਹਾਰਾ ਬੰਦੇ ਦਾ, ਬੰਦੇ ਦਾ ਓਹੀਓ ਰਾਜ਼ਕ ਹੈ
ਪਰ ਬੰਦਾ ਰੱਬ ਤੋਂ ਆਕੀ ਹੈ ਹਰ ਦੋਸ਼ ਉਹਦੇ ਸਿਰ ਮੜ੍ਹਦਾ ਹੈ

ਮਿਠਤ ਦੀ ਗੁੜ੍ਹਤੀ ਦੇ ਦੇ ਕੇ ਕਈ ਪੀਰ ਪੈਗੰਬਰ ਹਾਰ ਗਏ
ਇਹ ਵੱਢੂੰ ਖਾਊਂ ਕਰਦਾ ਹੈ ਦੋ-ਮੂੰਹੀਂ ਵਾਂਗੂੰ ਲੜਦਾ ਹੈ

ਬੇਸਬਰਾ ਬੇ ਸੰਤੋਖਾ ਹੈ ਹਾਬੜ ਹਾਬੜ ਕੇ ਪੈਂਦਾ ਹੈ
ਵੱਸ ਲਗੇ ਤਾਂ ਹੱਕ ਪਰਾਇਆ ਰਿਉੜੀ ਵਾਂਗੂੰ ਚੱਬਦਾ ਹੈ

ਕਿਸੇ ਦੇ ਲੱਗੀ ਹੋਵੇ ਤਾਂ ਫਿਰ ਲੱਜ਼ਤ ਲੈਂਦੈ ਸੇਕਣ ਦੀ
ਆਪਣਾ ਸਿਰ ਵੀ ਦੁਖੇ ਤਾਂ ਪਿਟਦਾ ਕੋਠੇ ਤੇ ਜਾ ਚੜ੍ਹਦਾ ਹੈ

ਚਾਰ ਕੌਡੀਆਂ ਜੋੜ ਲਵੇ ਤਾਂ ਉੱਚਾ ਹੋ ਹੋ ਤੁਰਦਾ ਹੈ
ਤਕਲੇ ਦਾ ਜੇ ਦਾਗ ਲੱਗ ਜਾਏ ਭਾਂਬੜ ਵਾਂਗੂੰ ਸੜਦਾ ਹੈ

ਦੂਜੇ ਦੀ ਬੈਠਕ ਵਿੱਚ ਬਹਿ ਕੇ ਹਾਸੜ ਖ਼ੂਬ ਮਚਾਉਂਦਾ ਹੈ
ਜੇ ਕੋਈ ਆਪਣੇ ਦਰ 'ਤੇ ਆ ਜਾਏ ਅੰਦਰ ਬਾਹਰ ਵੜਦਾ ਹੈ

ਤੜਕੇ ਤੋਂ ਲੈ ਕੇ ਆਥਣ ਤੱਕ ਇਹ ਮੱਤਾਂ ਦਿੰਦਾ ਫਿਰਦਾ ਹੈ
ਮੱਤ ਨੂੰ ਸੁੱਟ ਕੇ ਦੂਰ ਆਥਣੇ ਠੇਕੇ ਵਿੱਚ ਜਾ ਵੜਦਾ ਹੈ

ਆਖਣ ਨੂੰ ਤਾਂ ਲੋਕੀ ਆਂਹਦੇ ਮੰਗਲ ਸਿਉਂ ਵੀ ਨੇਕ ਬੜੈ
ਰੱਬ ਦਾ ਸ਼ੁਕਰ ਕਰੋ ਕਿ ਅੱਜ ਤੱਕ ਬਣਿਆ ਉਸਦਾ ਪੜਦਾ ਹੈ

– – –

## ਹਰ ਇਕ ਸ਼ੈਅ ਦਾ ਮੁੱਲ

ਹਰ ਇੱਕ ਸ਼ੈਅ ਦਾ ਮੁੱਲ ਹੋ ਗਿਐ ਦੂਣਾ ਚੌਣਾ ਹੋਰ
ਪਰ ਬੰਦਾ ਨਿੱਤ ਹੁੰਦਾ ਜਾਂਦੈ ਬੌਣਾ ਬੌਣਾ ਹੋਰ

ਜਦ ਵੀ ਲੱਭਿਆ ਤੈਨੂੰ ਆਪਣੇ ਅੰਦਰੋਂ ਹੀ ਲੱਭਣੈਂ
ਕਾਹਤੋਂ ਖਪਦੈਂ, ਰੱਬ ਨੀ ਕਿਤੋਂ ਥਿਆਉਣਾ ਹੋਰ

ਦੁਨੀਆਂ ਤਾਂ ਹੁਣ ਫਿੱਕੀ ਫਿੱਕੀ ਲੱਗਦੀ ਐ
ਤਕੜੇ ਹੋ ਕੇ ਕੁਝ ਚਿਰ ਪਊ ਜਿਊਣਾ ਹੋਰ

ਇਸ ਦਿਲ ਦੇ ਨਾਲ ਬਥੇਰੀ ਕੀਤੀ ਦੁਨੀਆਂ ਨੇ
ਜੀਣਾ ਪਿਆ ਤਾਂ ਇੱਕ ਦਿਲ ਪਊ ਲਿਆਉਣਾ ਹੋਰ

ਪਲਕਾਂ ਚੱਕ ਕੇ ਤੱਕਿਆ ਸਾਹਵੇਂ ਯਾਰ ਖੜ੍ਹਾ
ਹੁਣ ਫਿਰ ਕਾਹਤੋਂ ਐਵੇਂ ਰਾਮ ਧਿਆਉਣਾ ਹੋਰ

ਤਾੜਾ ਬਣ ਕੇ ਪਿੰਜਿਆ ਜਿਹੜੇ ਸੱਜਣਾਂ ਨੇ
ਮੁੜ ਕੀ ਉਹਨਾਂ ਮਿੱਤਰਾਂ ਨੂੰ ਪਰਤਿਉਣਾ ਹੋਰ

ਮੇਰੇ ਵਿੱਚ ਤਾਂ ਬੱਸ ਔਗੁਣ ਹੀ ਔਗੁਣ ਨੇ
ਅਜੇ ਤਾਂ ਪੈਣੈ ਆਪਣਾ ਆਪ ਮਿਟਾਉਣਾ ਹੋਰ

ਭੂਕ 'ਚ ਮੈਂ ਤਾਂ ਅੱਗੇ ਈ ਆਇਐਂ ਪਾਟਣ 'ਤੇ
ਅਰਜ਼ ਹੈ ਮੇਰੀ ਸੱਜਣੋ, ਨਾ ਵਡਿਆਉਣਾ ਹੋਰ।

—

## ਅੱਜ ਸੂਰਜ ਦੀ ਅੱਖ

ਅੱਜ ਸੂਰਜ ਦੀ ਅੱਖ ਚੁੰਭਲੀ ਹੈ, ਅੰਬਰ ਤੇ ਬੱਦਲਵਾਈ ਹੈ
ਇਹ ਸੁਹਣਾ ਮੌਸਮ ਮਾਫ਼ਕ ਨਹੀਂ ਮੈਨੂੰ ਧੁੱਪਾਂ ਖਾਣ ਦੀ ਆਦਤ ਹੈ।

ਏਥੋਂ ਦੀ ਮਲੂਮ ਸਲੂਣੀ ਹੈ, ਹੈ ਉਲਟੀ ਰੀਤ ਜਮਾਨੇ ਦੀ
ਇਹ ਗੂੜ੍ਹੇ ਰੰਗ ਮੁਹੱਬਤ ਦੇ ਇਹਨੂੰ ਫਿੱਕੇ ਪਾਣ ਦੀ ਆਦਤ ਹੈ।

ਖੇੜਿਆਂ ਦੀਆਂ ਏਥੇ ਕਦਰਾਂ ਨੇ, ਸੁੱਤੇ ਮਹਿਬੂਬ ਉਧਾਲੀਦੇ
ਏਥੇ ਪੱਕੇ ਚੁੱਕ ਕੇ ਕੰਢੇ ਤੋਂ, ਕੱਚੇ ਧਰ ਆਣ ਦੀ ਆਦਤ ਹੈ।

ਕੀਤੇ ਇਕਰਾਰ ਨਿਭਾਉਣ ਲਈ ਮੈਂ ਪਰਬਤ ਕੱਟਣੋਂ ਟਲਿਆ ਨਹੀਂ
ਮੱਛੀ ਜੇ ਕਿਧਰੋਂ ਨਹੀਂ ਮਿਲਦੀ ਮੈਨੂੰ ਪੱਟ ਖਵਾਉਣ ਦੀ ਆਦਤ ਹੈ।

ਤੂੰ ਲੰਮੀ ਚੁੱਪ ਕੀ ਧਾਰ ਲਈ ਮੇਰੇ ਫੱਟ ਤਰਸਦੇ ਨਸ਼ਤਰ ਨੂੰ
ਇਹਨਾਂ ਨੂੰ ਭਰਨਾ ਨਹੀਂ ਆਉਂਦਾ ਸਗੋਂ ਉਚੜ ਜਾਣ ਦੀ ਆਦਤ ਹੈ।

ਤੈਨੂੰ ਗ਼ਮ ਦਾ ਕੱਕਰ ਜੇ ਠਾਰੇ ਮੇਰੀ ਚਿਤਾ ’ਤੇ ਬਹਿ ਕੇ ਸੇਕ ਲਈਂ
ਦੂਜਿਆਂ ਨੂੰ ਗਰਮਾਵਣ ਲਈ ਮੈਨੂੰ ਖ਼ੁਦ ਮੱਚ ਜਾਣ ਦੀ ਆਦਤ ਹੈ।

ਮੈਂ ਘਾਟੇ ਖਾਣ ਦਾ ਆਦੀ ਹਾਂ ਨਫ਼ਿਆਂ ਤੋਂ ਮੈਨੂੰ ਨਫ਼ਰਤ ਹੈ।
ਲੁੱਟੀਦਾ ਆਇਐਂ ਸਦੀਆਂ ਤੋਂ ਮੈਨੂੰ ਲੁੱਟੇ ਜਾਣ ਦੀ ਆਦਤ ਹੈ।

—

## ਤੇਰੇ ਦਰ ’ਤੇ ਸਜਦਾ

ਜ਼ਿੰਦਗੀ ਭਰ ਆਪਣਾ ਆਪ ਵਿਸਾਰਿਆ
ਦਿਨੇ ਰਾਤ ਪਰ ਤੇਰਾ ਨਾਂ ਚਿਤਾਰਿਆ।

ਤੇਰੇ ਦਰ ’ਤੇ ਸਜਦਾ ਕੀਤਿਆਂ ਸਦਾ ਹੀ
ਦਹਿਲੀਜ਼ ਦੀ ਦੁਰਕਾਰ ਨੇ ਸਤਿਕਾਰਿਆ।

ਨਾ ਡਿੱਠੀ ਹਮਦਰਦੀ ਐ ਕਾਤਿਲ! ਤੇਰੇ ਜਿਹੀ
ਜ਼ਿੰਦਗੀ ਭਰ ਟੋਲਦਾ ਮੈਂ ਹਾਰਿਆ।

ਮੈਅਕਦੇ ਨੂੰ ਜਾਂਦੀ ਗਲੀ ’ਚ ਪੰਡਤਾ
ਰਾਮ ਜੀ ਨੂੰ ਕਿੱਥੇ ਲਿਆ ਖਲ੍ਹਾਰਿਆ।

ਹਰ ਪੱਖ ਦਿਨ ਰਾਤ ‘ਤਰੱਕੀ’ ਕਰ ਰਿਹੈ
ਪੁੱਛ ਨਾ, ਬੱਸ, ਪੁੱਛ ਨਾ ਕੁਸ਼ ਪਿਆਰਿਆ।

—

## ਲਿਆ ਸਫਰ ਮੁਕਾ ਹਯਾਤੀ ਦਾ

ਲਿਆ ਸਫਰ ਮੁਕਾ ਹਯਾਤੀ ਦਾ ਲੋਕੋ ਅੱਜ ਇਹ ਪਰਵਾਨਾ ਟੁਰਿਆ
ਟੁਰ ਚੱਲਿਆ ਪਰ ਮੇਰੇ ਪਿੱਛੇ ਕੋਈ ਆਪਣਾ ਬੇਗਾਨਾ ਨਾ ਟੁਰਿਆ

ਮੈਖ਼ਾਨਾ ਨਾ ਟੁਰਿਆ ਨਾਲ ਮੇਰੇ ਅਤੇ ਕੋਈ ਪੈਮਾਨਾ ਨਾ ਟੁਰਿਆ
ਲੱਖ ਸ਼ੁਕਰ ਕਿ ਸਾਕੀਆਂ ਨਾਲ ਮੇਰੇ ਤੇਰਾ ਤਰਸਾਨਾ ਨਾ ਟੁਰਿਆ

ਆ ਜ਼ੁਲਫਾਂ ਖੋਹੀਆਂ ਯਾਰ ਮੇਰੇ, ਮੇਰਾ ਪੱਥਰ ਦਿਲ ਵੀ ਪਿਘਲ ਗਿਆ
ਓਹਦੇ ਰਾਵੀਉਂ ਡੂੰਘੇ ਨੈਣਾਂ 'ਚੋਂ ਪਾਣੀ ਹੋ ਰਵਾਨਾ ਜਾ ਟੁਰਿਆ

ਆ ਕਬਰ 'ਤੇ ਉਹਨੇ ਧਾ ਮਾਰੀ ਕਿਉਂ ਤੁਰ ਗਿਉਂ ਛੱਡ ਕੇ ਕੱਲਿਆਂ ਨੂੰ
ਮਹਿਬੂਬ ਦਾ ਦਿਲ ਰੱਖਣ ਖਾਤਰ, ਮੈਨੂੰ ਕੋਈ ਬਹਾਨਾ ਨਾ ਫੁਰਿਆ

ਬੱਸ ਕਰ ਹੁਣ ਰੱਜ ਗਏ ਸਾਕੀ ਸਬਰਾਂ ਦੀ ਮੰਜ਼ਲ ਦੂਰ ਬਹੁਤ
ਕਰ ਸ਼ੁਕਰ ਕਿ ਆਪਣਾ ਹੁਣ ਤਾਈਂ ਕੋਈ ਅਫਸਾਨਾ ਨਾ ਟੁਰਿਆ

ਤੂੰ ਮੈਨੂੰ ਸਭ ਕੁਝ ਦੇ ਦਿੱਤਾ ਪਰ ਬਖਸ਼ ਖਤਾ ਇੱਕ ਮੇਰੀ ਵੀ
ਤੇਰੇ ਟੁੱਟੇ ਹੋਏ ਦਿਲ ਦਾ ਮੈਂ ਦੇ ਕੇ ਹਰਜਾਨਾ ਨਾ ਟੁਰਿਆ।

—

## ਨੇਤਾ ਲੋਕ

ਵਾਅਦੇ ਕਰਕੇ ਭੁੱਲ ਜਾਂਦੇ ਨੇ ਨੇਤਾ ਲੋਕ
ਲਾਰੇ ਲਾ ਕੇ ਤੁਰ ਜਾਂਦੇ ਨੇ ਨੇਤਾ ਲੋਕ

ਗੱਲੀ ਬਾਤੀਂ ਲੋਕਾਂ ਨੂੰ ਵਰਚਾਉਂਦੇ ਨੇ
ਭਾਵੇਂ ਲੱਖ ਕਰਾਉਂਦੇ ਰਹਿੰਦੇ ਚੇਤਾ ਲੋਕ

ਚੋਣਾਂ ਪਿੱਛੋਂ ਐਸੀ ਪਿੱਠ ਭਵਾਉਂਦੇ ਨੇ
ਪੰਜ ਸਾਲ ਲਈ ਗੁੰਮ ਜਾਂਦੇ ਨੇ ਨੇਤਾ ਲੋਕ

ਰੀਵਾਲਵਿੰਗ ਚੇਅਰ ਦੇ ਵਿੱਚ ਤਾਹੀਉਂ ਬਹਿੰਦੇ ਨੇ
ਜਦੋਂ ਜੀ ਕੀਤਾ ਘੁੰਮ ਜਾਂਦੇ ਨੇ ਨੇਤਾ ਲੋਕ

ਸੀਮੈਂਟ ਬੱਜਰੀ ਲੋਹਾ ਸਭ ਹੜੱਪ ਕਰ ਗਏ
ਪਿੱਛੇ ਬਚਿਆ ਰਹਿਣ ਹੰਢਾਉਂਦੇ ਰੇਤਾ ਲੋਕ

ਜਦ ਚਾਪਲੂਸਾਂ ਦੇ ਝੁਰਮਟ ਵਿੱਚ ਘਿਰ ਜਾਂਦੇ ਨੇ ਨੇਤਾ ਲੋਕ
ਮੁੱਠੀ ਵਿੱਚੋਂ ਰੇਤੇ ਵਾਂਗੂੰ ਕਿਰ ਜਾਂਦੇ ਨੇ ਨੇਤਾ ਲੋਕ

ਔਖੇ ਸੌਖੇ ਸਮਾਂ ਟਪਾਉਂਦੇ ਤਰਲੇ ਮਿੰਨਤਾਂ ਕਰਦੇ ਲੋਕ
ਕਾਠ ਦੀ ਹਾਂਡੀ ਨਿੱਤ ਨੀ ਚੜ੍ਹਦੀ ਖੂੰਜੇ ਲਾ ਕੇ ਛੱਡਦੇ ਲੋਕ।

—

## ਪੱਥਰ, ਕੈਕਟਸ ਤੇ ਕੱਚਾ ਦੁੱਧ

ਚੱਲ ਮਨਾਂ ਆਪਣੇ ਪਿੰਡ ਚੱਲੀਏ
ਕੀ ਲੈਣੈਂ ਸ਼ਹਿਰੀ ਲੋਕਾਂ ਤੋਂ,
ਜ਼ਹਿਰੀ ਲੋਕਾਂ ਤੋਂ
ਏਥੇ ਤਾਂ ਪੱਥਰਾਂ ਵਿੱਚ ਘਿਰੇ ਹੋਏ ਲੋਕ
ਖ਼ੁਦ ਵੀ ਪੱਥਰ ਦੇ ਹੀ ਜਾਪਦੇ ਨੇ
ਇਹਨਾਂ ਦੇ ਸਿਰਾਂ ਤੇ ਕੰਕਰੀਟ ਦੀਆਂ ਛੱਤਾਂ ਨੇ
ਤੇ ਪੈਰਾਂ ਹੇਠ ਫਰਸ਼ ਵੀ ਪੱਥਰ ਦੇ
ਇਹ ਲੋਕ
    ਦਰਵਾਜ਼ੇ 'ਤੇ ਲੱਗੀ ਘੰਟੀ ਦਾ ਬਟਨ ਦੱਬਣ ਤੇ
    ਪਲ ਕੁ ਭਰ ਲਈ ਗੇਟ ਤੇ ਆਉਂਦੇ ਹਨ
    ਅਧਮੋਏ ਜਿਹੇ ਦੋ ਕੁ ਸ਼ਬਦ
    ਮਸਾਂ ਹੀ ਬੁੱਲ੍ਹੀਆਂ 'ਚੋਂ ਬਾਹਰ ਆਉਣ
    ਦਾ ਹੌਸਲਾ ਕਰਦੇ ਹਨ
    ਤੇ ਗੇਟ ਦਾ ਅਰਲ
    ਜਰੜ ਦੇਣੇ ਬੰਦ ਹੋ ਜਾਂਦਾ ਹੈ।
ਏਥੇ ਕੋਈ ਨਹੀਂ ਆਖਦਾ
'ਆ ਓਏ ਬਾਈ ਸਿਆਂ,
ਹੋਰ ਫਿਰ ਸਾਰਾ ਮਹੈਣ ਤਕੜੈ ?'
"ਹੋਰ ਸੁਣਾ, ਨੱਗਰ ਖੇੜੇ 'ਚ ਸੁਖ ਸਾਂਦ ਐ ਨਾ ?"
ਪਰ ਮਿੱਤਰਾ,
ਏਥੇ ਤਾਂ ਕਿਸੇ ਨੂੰ ਘਰ ਦੇ ਜੀਅ ਦੀ
ਸੁੱਖ-ਸਾਂਦ ਪੁੱਛਣ ਦੀ ਵੇਹਲ ਨੀਂ
ਬੱਸ ਹੈਲੋ ਹੈਲੋ ਈ ਚਲਦੀ ਐ
ਤੇ ਉਹ ਵੀ ਦੂਰੋਂ ਈ
ਬਿਲਕੁਲ ਉਸੇ ਤਰ੍ਹਾਂ ਹੀ

ਜਿਵੇਂ ਆਪਣੇ ਪਿੰਡਾਂ 'ਚ
ਕਿਸੇ ਨੂੰ ਭਜਾਉਣ ਵਾਸਤੇ
'ਲਗੇ ਲਗੇ' ਕਰਦੇ ਐ।
ਦੂਰੋਂ ਹੈਲੋ ਕਹਿਣ ਦਾ ਏਹੀ ਫਾਇਦਾ ਐ
ਕਿ ਬੰਦਾ ਖੜ੍ਹੋਂਦਾ ਨੀਂ।

ਇਉਂ ਲਗਦੈ ਕਿ ਜੁੱਗੜੇ ਹੋਗੇ
ਕੰਨਾਂ ਨੇ ਇਸ ਤਰ੍ਹਾਂ ਦੇ ਬੋਲ ਨਹੀਂ ਸੁਣੇ
"ਆ ਵੇ ਪੁੱਤ, ਮਾਂ ਸਦਕੇ........
ਐਂਤਕੀ ਤਾਂ ਬਲਾਂ ਈ ਚਿਰ ਤੋਂ ਟੱਕਰਿਐਂ
ਮੈਨੂੰ ਤਾਂ, ਬਾਹਲਾ ਈ ਮੋਹ ਆਉਂਦੈ"।

ਮੇਰੇ ਮਿੱਤਰ!
ਤੂੰ ਸ਼ਹਿਰ ਜੀ ਸਦਕੇ ਆਵੀਂ
ਪਰ ਮਿਲਣ ਲਈ
ਏਥੇ ਰਹਿਣ ਲਈ ਨਾ ਆਈਂ
ਏਥੇ ਤਾਂ, ਪੱਥਰਾਂ ਦੀ ਵਲਗਣ ਵਿੱਚ ਰਹਿੰਦੇ ਲੋਕ
ਆਪਣੇ ਘਰਾਂ ਦੇ ਗਮਲਿਆਂ 'ਚ
ਥੋਰ੍ਹ ਉਗਾਉਂਦੇ ਹਨ-ਕੰਡਿਆਲੀ ਥੋਰ੍ਹ।
ਪਰ ਉਹਨਾਂ ਨੇ ਇਹਦਾ ਨਾਂ ਬੜਾ ਸੁਹਣਾ ਰੱਖਿਐ-
"ਕੈਕਟਸ"
ਸਾਡੇ ਪਿੰਡ ਦੀਆਂ ਕਬਰਾਂ 'ਚ
ਬੜਾ ਥੋਰ ਹੁੰਦਾ ਸੀ
ਤੇ ਜਾਂ ਫਿਰ
ਇਹ ਉਗਦਾ ਈ ਓਥੇ ਹੋਊ
ਜਿੱਥੇ ਕਬਰਾਂ ਵਰਗੀ ਚੁੱਪ ਹੋਵੇ,

ਕੋਈ ਕਿਸੇ ਨਾਲ ਬੋਲਦਾ ਨਾ ਹੋਵੇ,
ਤੇ ਜਿਸ ਮਾਹੌਲ ਵਿੱਚ
ਬੇਲਾਗਤਾ ਦਾ
ਤੀਬਰ ਅਹਿਸਾਸ ਵਸਦਾ ਹੋਵੇ।
ਮੈਨੂੰ ਯਾਦ ਹੈ-
ਨਿੱਕੇ ਹੁੰਦਿਆਂ, ਪਿੰਡ,
ਛੱਪੜ ਆਲੇ ਬੋਹੜਾਂ 'ਤੇ
ਕੜਕਾਲ੍ਹਾ ਖੇਡਦੇ।
ਗਰਮੀ ਦੀ ਰੁੱਤੇ ਛੱਪੜ ਦੇ ਪਾਣੀ 'ਚੋਂ
ਇੱਕ ਅਜੀਬ ਜਿਹੀ ਗੰਧ ਆਉਂਦੀ।
ਅੱਜ ਵੀ ਕਦੇ ਕਦੇ
ਨਿੱਸਰੇ ਤਾਰੇ ਮੀਰੇ ਦੀ ਮਹਿਕ ਵਰਗਾ
ਅਹਿਸਾਸ ਹੁੰਦਾ ਹੈ।
ਪਿੰਡਾਂ ਦੇ ਲੋਕਾਂ ਦਾ ਆਪਸੀ ਵਰਤਾਰਾ
ਤੇ ਅਪਣੱਤ ਇਉਂ ਲਗਦੀ ਹੈ
ਜਿਵੇਂ ਸਿਆਲ ਦੇ ਮਹੀਨੇ
ਵਗਦੇ ਪਾਣੀ ਵਿੱਚ ਬੈਠ ਕੇ
ਨਿੱਘ ਮਹਿਸੂਸ ਹੁੰਦੀ ਹੈ।
ਉਹਨਾਂ ਦੇ ਟਿੱਚਰ ਮਖੌਲ ਵਿੱਚੋਂ ਵੀ
ਇੱਕ ਨਿਵੇਕਲਾ ਜਿਹਾ
ਸੁਆਦ ਆਉਂਦਾ ਹੈ।
ਮੈਨੂੰ ਯਾਦ ਹੈ-
ਮੈਨੂੰ ਯਾਦ ਹੈ-
ਇੱਕ ਵਾਰੀ, ਜਦੋਂ ਘੁੱਲੇ ਕਾ ਮੀਤਾ
ਹਾੜ੍ਹੀ ਦੇ ਦਿਨਾਂ ਵਿੱਚ ਆਥਣੇ

ਖੇਤੋਂ ਘਰੇ ਆ ਰਿਹਾ ਸੀ
ਤਾਂ ਸੱਥ ਵਿੱਚ ਦੀ ਲੰਘਿਆ
ਥੱਕਿਆ ਟੁੱਟਿਆ ਹੋਇਆ
ਗਿੱਟੇ ਘੜੀਸ ਘੜੀਸ ਕੇ ਤੁਰੇ
ਤਾਂ ਸੱਥ ਵਿੱਚ ਬੈਠਾ ਇੱਕ ਬੁੜ੍ਹਾ ਬੋਲਿਆ,
"ਐਂ ਨੀ ਸਰਨਾ ਪੁੱਤ,
ਹੌਂਸਲੇ ਨਾਲ ਪਲਾਂਘ ਪੱਟ,
ਓਦੋਂ ਨੀ ਸੀ ਪਤਾ ?
ਓਦੋਂ ਤਾਂ ਭੱਜ ਕੇ
ਫੁਲਕਾਰੀ ਹੇਠ ਵੜ ਗਿਆ ਸੈਂ"।
ਪਰ ਮਿੱਤਰਾ–
ਏਥੇ ਕਿਸੇ ਨੂੰ ਕੀ ਪਤੈ
ਕਿ ਫੁਲਕਾਰੀ ਹੇਠ ਕਦੋਂ ਵੜੀਦੈ !
ਆ, ਆਪਾਂ ਆਪਣੇ ਪਿੰਡ ਚੱਲੀਏ
ਜਿੱਥੇ ਆਥਣ ਵੇਲੇ
ਘਰਾਂ ਨੂੰ ਮੁੜਦੀਆਂ
ਹਰਨਾੜੀਆਂ ਦੀ ਧੂੜ 'ਚੋਂ ਵੀ
ਕੱਚੇ ਦੁੱਧ ਵਰਗੀ ਮਹਿਕ ਆਉਂਦੀ ਹੈ।
ਉੱਪਰੋਂ ਮੁਸਕਰਾਉਂਦੇ
ਤੇ ਅੰਦਰੋਂ ਖਿਝਦੇ ਲੋਕਾਂ ਨੂੰ
ਮੁਬਾਰਕ ਰਹਿਣ
ਇਹ ਪੱਥਰ ਦੀਆਂ ਵਲਗਣਾਂ
ਤੇ ਗਮਲਿਆਂ ਦੇ ਕੈਕਟਸ !

—

## ਇੱਕ ਧੀ ਦੀ ਅਰਜ਼ੋਈ...ਨਵੇਂ ਸਾਲ ਦੇ ਸੂਰਜ ਨੂੰ...

ਆ ਨਵੇਂ ਵਰ੍ਹੇ ਦਿਆ ਸੂਰਜਾ
ਤੇਰਾ ਖੜ੍ਹੀ ਉਡੀਕਾਂ ਰਾਹ
ਗਲ ਵਿੱਚ ਪੱਲਾ ਪਾ ਕੇ
ਤੈਨੂੰ ਕਰਾਂ ਸਲਾਮ ਦੁਆ
        ਮੇਰੇ ਬਾਬਲ ਨੂੰ ਸਮਝਾ
ਕਿਉਂ ਜੰਮਣੋਂ ਪਹਿਲਾਂ ਮਾਰਦਾ
ਕਿਉਂ ਕਹਿਰ ਰਿਹਾ ਵਰਤਾ
ਉਹਦੇ ਨਾਲ ਭਲਾ ਕੀ ਵੈਰ ਹੈ
ਜੀਹਦਾ ਮੂੰਹ ਵੀ ਨਹੀਂ ਤੱਕਿਆ
ਨਵੇਂ ਵਰ੍ਹੇ ਦਿਆ ਸੂਰਜਾ
ਮੇਰੀ ਅੰਮੜੀ ਨੂੰ ਸਮਝਾ
ਜੇ ਨਾ ਧੀਆਂ ਖੇਡੀਆਂ
ਮਾਪਿਆਂ ਵੇਹੜੇ ਆ
ਦੱਸ, ਕਿੱਥੋਂ ਲੈ ਆਏਗੀ
ਨੂੰਹਾਂ ਡੋਲੇ ਪਾ
ਮਾਂ ਗੁਜਰੀ ਦਾ ਤਿਆਗ, ਤੇ
ਨਾਨਕੀ ਭੈਣ ਦੇ ਚਾਅ
ਤੂੰ ਇਹਨੂੰ ਯਾਦ ਕਰਾ
ਧੀ ਤੋਂ ਵਧ ਕੇ ਜੱਗ ’ਤੇ
ਕੌਣ ਕਰੇਂਦਾ ਚਾਅ ?

        ਮਾਪਿਆਂ ਪਾਲ ਪਲੋਸ ਕੇ
        ਪੂਰੇ ਸ਼ਗਨ ਮਨਾ
        ਰੀਝਾਂ ਦੇ ਨਾਲ ਧੀ ਨੂੰ
        ਦਿੱਤਾ ਡੋਲੀ ਪਾ

ਹਾਇ! ਕੀ ਲੋਹੜਾ ਵੱਜਿਆ
ਭਾਣਾ ਵਰਤ ਗਿਆ
ਸਣੇ ਕਲੀਰੇ ਸਾੜ 'ਤੀ
ਚੂੜਾ ਤਿੜਕ ਗਿਆ
ਮਹਿੰਦੀ ਸੁੱਕਣ ਤੋਂ ਪਹਿਲਾਂ
ਸਿਵਾ ਵੀ ਮੱਚ ਗਿਆ
ਇਹਨਾਂ ਕਮਲਿਆਂ ਨੂੰ ਸਮਝਾ।

ਜਿਸ ਬੋਲੀ ਵਿੱਚ ਰਾਗ ਇਲਾਹੀ
ਅੰਬਰੀਂ ਗੂੰਜ ਪਿਆ
ਮੇਰੀ ਮਾਂ-ਬੋਲੀ ਦਾ
ਮਾਂ ਦੇ ਵਿਹੜੇ
ਘੋਰੜੂ ਵੱਜ ਗਿਆ
ਮਾਂ ਦਾ ਪੁੱਤਰ, ਮਾਂ ਦੀ ਬੋਲੀ
ਕਾਹਤੋਂ ਭੁੱਲ ਗਿਆ
ਇਹਨਾਂ ਭੁੱਲਿਆਂ ਨੂੰ ਸਮਝਾ

ਨਵੇਂ ਵਰ੍ਹੇ ਦਿਆ ਸੂਰਜਾ
ਮੇਰੇ ਵੀਰਾਂ ਨੂੰ ਸਮਝਾ
ਕੋਈ ਨਸ਼ਿਆਂ ਦੀ ਪੰਡ ਅੱਜ
ਸਾਡੇ ਵਿਹੜੇ ਖੋਲ੍ਹ ਗਿਆ
ਗੱਭਰੂ ਤੀਲੇ ਬਣ ਗਏ
ਸਾਹ ਸਤ ਨਿਕਲ ਗਿਆ
ਅੱਜ ਮੇਰੇ ਪੰਜਾਬ ਦੇ

ਸੁੱਕਦੇ ਜਾਂਦੇ ਸਾਹ
ਉਹ ਵੀ ਸਨ ਪੁੱਤ ਪੰਜਾਬ ਦੇ
ਜਿਹਨਾਂ ਪਰਬਤ ਮਾਰੇ ਗਾਹ
ਧੀਆਂ ਦੀ ਅਜ਼ਮਤ ਵਾਸਤੇ
ਖੰਡਾ ਚੁੱਕ ਲਿਆ
ਪਾ ਕੇ ਅਣਖ ਦਾ ਵਾਸਤਾ
ਪਾ ਭੁੱਲਿਆਂ ਨੂੰ ਰਾਹ
ਮੇਰੇ ਵੀਰਾਂ ਨੂੰ ਸਮਝਾ।

---

## ਰੱਬ ਸਦਾ ਹੀ ਉਹਨਾਂ 'ਤੇ

ਰੱਬ ਸਦਾ ਹੀ ਉਹਨਾਂ 'ਤੇ ਰਹੇ ਰਾਜ਼ੀ
ਚੰਗਾ ਜਿਹਨਾਂ ਦਾ ਹੋਵੇ ਨਸੀਬ ਮੀਆਂ।

ਉਸਦੀ ਜੀਹਦੇ 'ਤੇ ਮਿਹਰ ਦੀ ਨਜ਼ਰ ਹੋਵੇ
ਰਹੇ ਸੱਚ ਦੇ ਸਦਾ ਕਰੀਬ ਮੀਆਂ।

ਜਿਹੜਾ ਵਕਤ ਦੀ ਨਬਜ਼ ਪਛਾਣਦਾ ਈ
ਉਹਨੂੰ ਆਖਦੇ ਲੋਕੀਂ ਅਦੀਬ ਮੀਆਂ।

ਛੇਤੀ ਕੀਤਿਆਂ ਫੇਰ ਨੀ ਰਾਸ ਆਉਂਦੀ
ਕੇਰਾਂ ਵਿਗੜ ਜਾਏ ਜਿਹੜੀ ਤਰਤੀਬ ਮੀਆਂ।

—

## ਆਇਆ ਜਦੋਂ ਦਾ ਸੁਨੇਹਾ

ਆਇਆ ਜਦੋਂ ਦਾ ਸੁਨੇਹਾ ਕਾਲੇ ਕਾਂ ਦੀ ਜ਼ੁਬਾਨੀ
ਦਿਲ ਵਸਲਾਂ ਨੂੰ ਲੋਚੇ ਜਿੰਦ ਉੱਡੇ ਅਸਮਾਨੀ
ਮੈਂ ਤਾਂ ਵਾਰੀ ਵਾਰੀ ਚੁੰਮਾਂ ਕੱਢ ਯਾਰ ਦੀ ਨਿਸ਼ਾਨੀ
ਦਿਲ ਵਸਲਾਂ ਨੂੰ ਲੋਚੇ ਜਿੰਦ ਉੱਡੇ ਅਸਮਾਨੀ

ਫੁੱਲ ਲੋਗੜੀ ਦੇ ਮੀਢੀਆਂ ’ਚ ਜੜੇ ਹੋਣਗੇ
ਖੌਰੇ ਕਿੰਨੀ ਵਾਰੀ ਕੋਠੇ ਉੱਤੇ ਚੜ੍ਹੇ ਹੋਣਗੇ
ਬਹਿਣ ਟਿਕ ਕੇ ਨਾ ਦਿੰਦੀ ਖੌਰੂ ਪੱਟਦੀ ਜਵਾਨੀ
ਦਿਲ ਵਸਲਾਂ ਨੂੰ ਲੋਚੇ ..................

ਬਾਹਰ ਆਏ ਨਹੀਂ ਜ਼ਮਾਨੇ ਕੋਲੋਂ ਡਰੇ ਹੋਣਗੇ
ਦਿਲ ਦਿੰਦਾ ਹੈ ਤਸੱਲੀ ਕਿ ਉਹ ਘਰੇ ਹੋਣਗੇ
ਸਾਨੂੰ ਦੇ ਗਈ ਧਰਵਾਸਾ ਖੁੱਲ੍ਹੇ ਬਾਰ ਦੀ ਨਿਸ਼ਾਨੀ
ਦਿਲ ਵਸਲਾਂ ਨੂੰ ਲੋਚੇ..................

ਅੱਜ ਬੁੱਲ੍ਹ ਕਾਹਤੋਂ ਬੈਠੇ ਨਾਲ ਨਾਲ ਜੁੜ ਕੇ
ਵਾਅਦਾ ਕਰ ਕੇ ਨਾ ਜਿਵੇਂ ਕੋਈ ਆਇਆ ਮੁੜ ਕੇ
ਦੱਸੇ ਗੱਲ੍ਹਾਂ ਉੱਤੇ ਵਗੀ ਹੋਈ ਧਾਰ ਦੀ ਨਿਸ਼ਾਨੀ
ਦਿਲ ਵਸਲਾਂ ਨੂੰ ਲੋਚੇ..................

## ਇੱਕ ਗੀਤ-ਧੀਆਂ ਦੇ ਨਾਂ

ਸੁੰਦਰ ਮੁੰਦਰੀਏ, ਤੇਰਾ ਕੌਣ ਵਿਚਾਰਾ ਹੋ
ਦੁੱਲਾ ਭੱਟੀ ਵਾਲਾ ਹੋ,

ਜਿਸ ਡਾਕਟਰ ਨੂੰ ਰੂਪ ਰੱਬ ਦਾ ਸਮਝੇ ਕੁੱਲ ਲੋਕਾਈ,
ਤੇਰੇ ਲਈ ਹੱਥ ਛੁਰੀਆਂ ਫੜ ਕੇ ਬਣਿਆ ਅੱਜ ਕਸਾਈ
ਖੌਰੇ ਕੀ ਅਸਮਾਨ ਡਿੱਗ ਪਊ, ਜੇ ਇੱਕ ਧੀ ਗਈ ਹੋ,
ਸੁੰਦਰ ਮੁੰਦਰੀਏ, ਤੇਰਾ ਕੌਣ ਵਿਚਾਰਾ ਹੋ।

ਅਜੇ ਤਾਂ ਧੀਏ ਤੇਰੇ 'ਤੇ ਇੱਕ ਘੜੀ ਕੁਲਹਿਣੀ ਆਉਣੀ,
ਜਦ ਗਲ ਵਿੱਚ ਗੂਠਾ ਦੇ ਕੇ ਕਿਸੇ ਨੇ 'ਹੌਂਡਾ ਸਿਟੀ' ਮੰਗਾਉਣੀ,
ਅਕਲਾਂ ਇਲਮਾਂ ਵਾਲੇ ਕਾਹਤੋਂ ਬੈਠੇ ਬੂਹੇ ਢੋਅ,
ਸੁੰਦਰ ਮੁੰਦਰੀਏ, ਤੇਰਾ ਕੌਣ ਵਿਚਾਰਾ ਹੋ।

ਕਰਜ਼ੇ ਹੇਠਾਂ ਦੱਬਿਆ ਬਾਬਲ ਬੁੱਕ ਬੁੱਕ ਹੰਝੂ ਕੇਰੇ,
ਹੱਥ ਕਿਤੇ ਨਹੀਂ ਅੜਦਾ ਨ੍ਹੇਰਾ ਦਿਸਦਾ ਚਾਰ ਚੁਫ਼ੇਰੇ,
ਕੋਠੇ ਜਿੱਡੀ ਧੀ ਨੂੰ ਲੋਕੋ, ਰੱਖੇ ਕਿਵੇਂ ਲੁਕੋਅ,
ਸੁੰਦਰ ਮੁੰਦਰੀਏ, ਤੇਰਾ ਕੌਣ ਵਿਚਾਰਾ ਹੋ।

ਮਾਪੇ ਰੀਝਾਂ ਪਾਲਣ, ਧੀ ਨੂੰ ਸੁਖੀ ਵਸਾਉਣ ਦੀਆਂ,
ਡੋਲੀਉਂ ਲਾਹੁੰਦਿਆਂ ਬਣਨ ਵਿਉਂਤਾਂ ਲਾਂਬੂ ਲਾਉਣ ਦੀਆਂ,
ਹੈ ਕੋਈ ? ਰੱਖੇ ਦੁੱਲੇ ਵਾਂਗੂੰ ਧੀਆਂ ਦੀ ਅਬਰੋਅ,
ਸੁੰਦਰ ਮੁੰਦਰੀਏ, ਤੇਰਾ ਕੌਣ ਵਿਚਾਰਾ ਹੋ।

ਦੜ ਵੱਟ ਕਿਉਂ ਬੈਠੇ ਨੇ ਲੋਕੀਂ ਬੰਨ੍ਹ ਅੱਖਾਂ 'ਤੇ ਪੱਟੀ,
ਕਿੱਥੋਂ ਲਿਆਵਾਂ ਟੋਲ ਕੇ ਧੀਏ ਅੱਜ ਫਿਰ ਦੁੱਲਾ ਭੱਟੀ,
ਲੱਭਿਆਂ ਵੀ ਮਿਲਦੀ ਨਹੀਂ ਕਿਧਰੋਂ ਦੁੱਲੇ ਦੀ ਕਨਸੋਅ,
ਸੁੰਦਰ ਮੁੰਦਰੀਏ, ਤੇਰਾ ਕੌਣ ਵਿਚਾਰਾ ਹੋ॥

—

## ਲਟ ਲਟ ਬਲਦੀ ਜੋਤ ਨੂੰ

ਕਿਉਂ ਨਹੀਂ ਦਿਸਦੀਆਂ ਧੀਆਂ ਦੇ ਸਿਵਿਆਂ 'ਚੋਂ ਉੱਠਦੀਆਂ ਲਾਟਾਂ
ਘੋਗਲ-ਕੰਨੇ ਬਣ ਬੈਠੇ ਹਾਂ ਆਪਣੀ ਆਪਣੀ ਥਾਵੇਂ

ਜਾੜ੍ਹਾਂ ਘੁੱਟ ਕੇ ਬੈਠ ਗਏ ਸਭ ਨਾ ਕੋਈ ਉੱਚੀ ਬੋਲੇ
ਕਿਹੜਾ ਦੱਸੇ ਕੁੱਖ ਵਿੱਚ ਮੋਈਆਂ ਧੀਆਂ ਦੇ ਸਿਰਨਾਵੇਂ

ਜੇ ਧੀ ਜੰਮਣੀ ਪਾਪ ਹੈ ਤਾਂ ਫਿਰ ਪੁੰਨ ਦੀ ਕੀ ਪਰਿਭਾਸ਼ਾ
ਧੀ ਦੀ ਕਬਰ 'ਚੋਂ ਕਿਉਂ ਲੱਭਦੇ ਹਾਂ ਪੁੱਤਾਂ ਦੇ ਪਰਛਾਵੇਂ

ਲਟ ਲਟ ਬਲਦੀ ਜੋਤ ਨੂੰ ਆਪਣੇ ਹੱਥੀਂ ਆਪ ਬੁਝਾਈਏ
ਭੱਜ ਭੱਜ ਫੜੀਏ ਅੰਬਰੀਂ ਉੱਡਦੀਆਂ ਕੂੰਜਾਂ ਦੇ ਪਰਛਾਵੇਂ

ਗੁਰੂਆਂ ਦੇ ਵਿਰਸੇ ਦੇ ਵਾਰਸ ਖ਼ੁਦ ਨੂੰ ਹਾਂ ਅਖਵਾਉਂਦੇ
ਜੇ ਕਿਤੇ ਅੱਜ ਗੁਰੂ ਪਰਗਟ ਹੋ ਜੇ ਕਿੰਜ ਹੋਵਾਂਗੇ ਸਾਂਹਵੇਂ

## ਚੋਰ ਤੇ ਪਾਹਰੂ

ਚੋਰ ਤੇ ਪਾਹਰੂ ਅੱਜ ਕੱਲ੍ਹ ਰਿਸ਼ਤੇਦਾਰ ਬਣੇ
ਲੁੱਟੇ ਘਰ ਦਾ ਮਾਲਕ ਕਿੰਜ ਪੁਕਾਰ ਕਰੇ

ਛੱਲਾਂ ਗੰਢ ਲਈ ਯਾਰੀ ਨਾਲ ਮਲਾਹਾਂ ਦੇ
ਡੁੱਬਦੀ ਕਿਸ਼ਤੀ ਨੂੰ ਹੁਣ ਕਿਹੜਾ ਪਾਰ ਕਰੇ

ਲੋਕਾਂ ਨੂੰ ਦੇਵੇ ਸਿੱਖਿਆ ਬਾਬੇ ਨਾਨਕ ਦੀ
ਰਲ ਕੇ ਸੱਜਣ ਠੱਗ ਦੇ ਨਾਲ ਵਪਾਰ ਕਰੇ

ਮਾਰ ਮਾਰ ਕੇ ਕੰਜਕਾਂ ਖੂਹੀਆਂ ਭਰ ਛੱਡੀਆਂ
ਕਿਹੜਾ 'ਦੂਜੇ ਰੱਬ' ਦਾ ਹੁਣ ਇਤਬਾਰ ਕਰੇ

ਵਿਰਲਾ ਟਾਵਾਂ ਈ ਬਚਿਆ ਹੋਣੈਂ ਹੁਣ ਕੋਈ
ਜਿਹੜਾ ਆਪਣੇ ਸਕਿਆਂ ਤੇ ਨਾ ਵਾਰ ਕਰੇ

—

## ਸਾਊ ਬੰਦਾ ਭੁੰਜੇ ਬੈਠਾ

ਸਾਊ ਬੰਦਾ ਭੁੰਜੇ ਬੈਠਾ ਧਰਤੀ ਖੁਰਚ ਰਿਹੈ
ਜਿਹਨਾਂ ਖਾਧੀ ਰਿਸ਼ਵਤ ਵੇਖੋ ਚੜ੍ਹ ਗਏ ਸਿਖਰ ਚੁਬਾਰੇ 'ਤੇ

ਲੰਘ ਗਏ ਪਾਰ ਜੋ ਅੱਖਾਂ ਮੀਚ ਕੇ ਛਾਲਾਂ ਮਾਰ ਗਏ
ਜੱਕੋ ਤੱਕੀ ਕਰਦੇ ਮ੍ਰਾਤੜ ਬੈਠੇ ਰਹੇ ਕਿਨਾਰੇ 'ਤੇ

ਮਾਰ ਚੌਂਕੜੀ ਬੈਠ ਗਏ ਜੋ ਸਿਦਕ ਨਿਭਾਉਣ ਲਈ
ਹੱਸ ਕੇ ਹੋਏ ਦੋਫਾੜ ਗਿਲਾ ਫਿਰ ਕਾਹਦਾ ਆਰੇ 'ਤੇ

ਪਿਛਲਾ ਝੰਬਿਆ ਰਾਸ ਨਹੀਂ ਆਇਆ ਅੰਗ ਅੰਗ ਦੁਖੇ ਪੰਜਾਬ ਦਾ
ਹਾੜਾ ਤੀਲੀ ਨਾ ਲਾਉ ਕਰੋ ਕੁਝ ਤਾਂ ਤਰਸ ਵਿਚਾਰੇ 'ਤੇ

ਤੇਰੇ ਦਰ 'ਤੇ ਪਹਿਰਾ ਦਿੰਦੇ ਆਪਣੀ ਅਉਧ ਹੰਢਾ ਬੈਠੇ
ਜਿਉਂ ਦੀ ਤਿਉਂ ਖਾਲੀ ਹੈ ਝੋਲੀ ਰਹਿ ਗਏ ਤੇਰੇ ਲਾਰੇ 'ਤੇ

ਬੇਲਿਆਂ ਦੇ ਵਿੱਚ ਮੋੜੇ ਲਾਉਂਦੇ ਰਾਂਝੇ ਹੰਭ ਗਏ
ਚੁੱਪ ਚੁਪੀਤੇ ਨੰਬਰ ਲਾ ਗਏ ਖੇੜੇ ਆਣ ਛੁਹਾਰੇ 'ਤੇ

—

## ਤੇਰੀ ਨਜ਼ਰ ਨੂੰ ਸ਼ਹਿਰ ਗਰਾਂ

ਤੇਰੀ ਨਜ਼ਰ ਨੂੰ ਸ਼ਹਿਰ ਗਰਾਂ ਕਿਉਂ ਸੁੰਨੇ ਸੁੰਨੇ ਲਗਦੇ ਨੇ
ਨੇਰ੍ਹੇ ਦੀ ਕਾਲਖ ਮੇਟਣ ਲਈ ਦੀਵੇ ਵੀ ਏਥੇ ਈ ਜਗਦੇ ਨੇ

ਤੂੰ ਬੰਜਰਾਂ ਅਤੇ ਉਜਾੜਾਂ ਦਾ ਨਾ ਹਰਦਮ ਰੋਣਾ ਰੋਇਆ ਕਰ
ਧਰਤੀ ਦੀ ਹਿੱਕ 'ਤੇ ਸ਼ੂਕਰਦੇ ਦਰਿਆ ਵੀ ਏਥੇ ਈ ਵਗਦੇ ਨੇ

ਇਹ ਚੀਕ ਚਿਹਾੜਾ ਕੁਝ ਦਿਨ ਦਾ, ਬੇਗਾਨਾ ਹੈ, ਪੈ ਲੈਣ ਦਿਉ
ਸਭਿਆਚਾਰ ਦੇ ਲਾਲ ਅਜੇ ਵੀ ਗੋਦੜੀਆਂ ਵਿੱਚ ਦਗਦੇ ਨੇ

ਟਿਕ ਕੇ ਸੁਣੋ ਰਬਾਬ ਕਿਤੇ, ਮਰਦਾਨਾ ਅੱਜ ਵੀ ਛੇੜ ਰਿਹੈ
ਟਿੱਲਿਆਂ 'ਤੇ ਨਾਥਾਂ ਦੇ ਧੂਣੇ ਅੱਜ ਵੀ ਓਵੇਂ ਈ ਮਘਦੇ ਨੇ

ਬੱਸ ਆਪਾਂ ਹੀ ਭਟਕ ਗਏ ਹਾਂ ਨੰਗੇ ਜਿਸਮ ਦੀ ਨਗਰੀ ਵਿੱਚ
ਜੀਕਣ ਸਾਉਣ ਦੇ ਅੰਨ੍ਹੇ ਨੂੰ ਹਰਿਆਵਲ ਝਾਉਲੇ ਠਗਦੇ ਨੇ

ਵਗਣਾ ਦਸਤੂਰ ਹੈ ਨਦੀਆਂ ਦਾ ਤੇ ਮਿਹਣਾ ਖੜ੍ਹਨ ਮਲਾਹਾਂ ਨੂੰ
ਜੋ ਘੁੱਟ ਕੇ ਕੰਨੀ ਫੜ ਲੈਂਦੇ ਬੱਸ ਉਹੀ ਕਿਨਾਰੇ ਲਗਦੇ ਨੇ

—

## ਦੋਹੇ

ਮੇਰੇ ਸੁਹਣੇ ਦੇਸ ਪੰਜਾਬ ਨੂੰ ਅੱਜ ਹੋ ਚੱਲਿਆ ਅਧਰੰਗ
ਅੱਜ ਨੋਟਾਂ ਦੇ ਨਾਲ ਖੇਡਦੇ ਜੋ ਕੱਲ੍ਹ ਸੀ ਆਦੀ ਨੰਗ

ਅੱਜ ਆਖਾਂ ਵਾਰਸ ਸ਼ਾਹ ਨੂੰ ਆ ਤੱਕ ਆਪਣਾ ਪੰਜਾਬ
ਆ ਭਰੀਆਂ ਵੇਖ ਤਜੌਰੀਆਂ ਕਾਲਾ ਧਨ ਬੇਹਿਸਾਬ

ਏਥੇ ਵਿਕਦੀ ਮੁੱਲ ਮੈਨੇਜਰੀ ਜੇ ਚਾਹੋ ਵਿੱਚ ਬੈਂਕ
ਓਨੀਆਂ ਵੱਡੀਆਂ ਰਿਸ਼ਵਤਾਂ ਜਿੰਨਾ ਵੱਡਾ ਰੈਂਕ

ਕਿੱਲੇ ਪੰਜ ਸੱਤ ਵੇਚ ਕੇ ਭਰ ਨੋਟਾਂ ਦਾ ਛੱਜ
ਜੇ ਲੈਣੀ ਵੱਡੀ ਨੌਕਰੀ ਸਿੱਧਾ ਚੰਡੀਗੜ੍ਹ ਵੱਜ

ਭਰ ਖਜ਼ਾਨੇ ਲੁੱਟ ਕੇ ਕੱਲ੍ਹ ਦਾ ਕੀ ਇਤਬਾਰ
ਘੋਲ ਕੇ ਪੀ ਲੈ ਸ਼ਰਮ ਨੂੰ ਸਿੱਖ ਭ੍ਰਿਸ਼ਟਾਚਾਰ

ਤੇਰੇ ਲੱਛਣ ਭੁੱਖਾ ਮਰਨ ਦੇ ਤੂੰ ਸਿੱਖ ਲੈ ਕੋਈ ਚੱਜ
ਪੰਡ ਨੋਟਾਂ ਦੀ ਤਾਰ ਕੇ ਸਿੱਧਾ ਬਣ ਜਾ ਜੱਜ

ਕੋਈ ਕਾਲਾ ਧੰਦਾ ਸਿਖ ਲੈ ਤੇ ਲਾ ਨੋਟਾਂ ਦੇ ਬੋਹਲ
ਬੇਲਿਆਂ ਵਿੱਚ ਮੱਝਾਂ ਚਾਰ ਕੇ ਕੀ ਭਰ ਲਏਂਗਾ ਝੋਲ

ਵਾਰਸ ਬੁੱਲ੍ਹੇ ਸ਼ੇਖ ਸਭ ਲੁਕੇ ਪਹਾੜੀਂ ਜਾ
ਏਥੇ ਨੰਗੇ ਸਭਿਆਚਾਰ ਨੇ ਡੇਰਾ ਲਿਆ ਜਮਾ

ਰਿਹਾ ਗਿੱਠ ਕੱਪੜਾ ਨਾ ਜਿਸਮ 'ਤੇ ਨਾ ਸ਼ਰਮ ਹਯਾ ਦਾ ਸੇਕ
ਕਰ ਦਰਸ਼ਨ ਅੱਜ ਦੀ ਹੀਰ ਦੇ ਨਿਤ ਟੀ. ਵੀ. ਤੂੰ ਵੇਖ

ਨਾ ਅੰਮ੍ਰਿਤ ਵੇਲੇ ਖੜਕਦੇ ਏਥੇ ਖੂਹਾਂ ਉੱਤੇ ਡੋਲ
ਮਿਲੂ ਜ਼ਰਦਾ, ਭੁੱਕੀ, ਬੀੜੀਆਂ, ਜੀਹਦਾ ਮਰਜ਼ੀ ਖੀਸਾ ਫੋਲ

ਤੀਆਂ ਗਿੱਧੇ ਸੌਂਚੀਆਂ ਤੇ ਭੰਗੜੇ ਦੇ ਢੋਲ
ਖੇਤਾਂ 'ਚੋਂ ਹੀਰ ਦੀ ਕਲੀ ਦੇ ਕਿਤੇ ਨਾ ਸੁਣਦੇ ਬੋਲ

ਦੁੱਧ ਮਲਾਈਆਂ ਮਖਣੀਆਂ ਨੂੰ ਭੁੱਲਿਆ ਅੱਜ ਪੰਜਾਬ
ਏਥੇ ਪੂਰੇ ਸਵਾ ਕਰੋੜ ਦੀ ਵਿਕਦੀ ਨਿੱਤ ਸ਼ਰਾਬ

ਏਥੇ ਚਾਰ ਚੁਫੇਰੇ ਪਤਝੜਾਂ ਤੇ ਦਰਖਤ ਹੋਏ ਮਰੁੰਡ
ਚਿੱਟਾ ਸੋਨਾ ਜੱਟ ਦਾ ਖਾ ਗਏ ਅਮਰੀਕਨ ਸੁੰਡ

ਸੌ ਫੁੱਟ ਡੂੰਘਾ ਤੁਰ ਗਿਆ ਧਰਤੀ ਹੇਠੋਂ ਨੀਰ
ਸੀ ਬੰਬੀਆਂ ਗਿੜਧਾ ਪਾਉਂਦੀਆਂ ਉਹ ਹੋਏ ਖੇਤ ਫਕੀਰ

ਖਹਿੜਾ ਛੱਡ ਦੇ ਨਸ਼ੇ ਦਾ ਨਾ ਬਣ ਫੋਕਾ ਸਰਦਾਰ
ਧੀ ਕੋਠਿਉਂ ਉੱਚੀ ਹੋ ਗਈ ਏਧਰ ਵੀ ਝਾਤੀ ਮਾਰ

ਹੈ ਵੇਲਾ ਸੰਭਲ ਅਜੇ ਵੀ, ਤੂੰ ਆਖੇ ਮੇਰੇ ਲੱਗ
ਹਿੰਮਤ ਕਰ ਕੇ ਬੋਚ ਲੈ ਤੇਰੀ ਡਿਗਦੀ ਜਾਂਦੀ ਪੱਗ

—

# ਚੇਤਨਾ

ਚਾਂਦੀ ਦੀਆਂ ਅੱਖਾਂ ਵਾਲਿਆ
ਕਿਉਂ ਸੋਨੇ ਦੇ ਬੁੱਤਾਂ ਨੂੰ ਠੇਡੇ ਮਾਰਦੈਂ ?
ਤੈਨੂੰ ਭਾਵੇਂ ਇਹ
ਮਿੱਟੀ ਦੇ ਢੇਰ ਤੋਂ ਵੱਧ ਕੁਝ ਨਹੀਂ ਦਿਸਦੇ
ਪਰ ਸਿਖਰ ਦੁਪਹਿਰੇ
ਇਹਨਾਂ ਉਤੇ ਜਿਹੜੀ ਤ੍ਰੇਲ ਪੈਂਦੀ ਏ
ਉਹੀ ਤਾਂ
ਜੰਮ ਕੇ ਸੋਨਾ ਬਣਦੀ ਏ।
ਸਾਡੇ ਬਾਪੂ ਨੇ
ਨੰਗੇ ਪੈਰੀਂ ਮਾਛੀਵਾੜਾ ਗਾਹ ਮਾਰਿਆ
ਤੇ ਨੀਹਾਂ ਵਿਚ ਚਿਣੇ ਜਾਣ ਨਾਲ
ਸਾਡਾ ਵੀ ਕੱਦ ਛੋਟਾ ਨਹੀਂ ਹੋਣ ਲੱਗਾ
ਪਰ ਯਾਦ ਰੱਖ
ਹੱਡ ਭੰਨਵੀਂ ਮਿਹਨਤ ਕਰਦਿਆਂ
ਮੁੜਕੇ ਵਾਲਿਆਂ ਦੀ ਨੀਂਦ
ਉਚਾਟ ਹੋ ਗਈ ਏ
ਤੇ ਹੁਣ ਉਹਨਾਂ ਦੀ ਸੋਚ ਨੇ ਪਾਸਾ ਪਰਤਿਐ
ਜਦ ਟੋਕਰੀ ਪਰ੍ਹਾਂ ਰੱਖ ਕੇ
ਸਰਕੜੇ ਦੀ ਪੇਤਲੀ ਬਦਾਮੀ ਛਾਂ ਹੇਠ
ਇਕ ਮਾਂ
ਅੱਟਣਾਂ ਵਾਲੇ ਹੱਥ ਨਾਲ ਆਪਣੀ ਛਾਤੀ ਫੜ ਕੇ
ਬਾਲ ਦੇ ਮੂੰਹ ਨੂੰ ਲਾਉਂਦੀ ਹੈ
ਤਾਂ ਬਿਟਰ ਬਿਟਰ ਝਾਕਦੀਆਂ ਮਾਸੂਮ ਅੱਖਾਂ ਵਿਚ
ਇਕ ਪ੍ਰਸ਼ਨ ਚਿੰਨ੍ਹ ਲਟਕਦੈ
ਕਿ ਦੁੱਧ ਕਿਉਂ ਨਹੀਂ ਉਤਰਦਾ ?

ਤੇ ਬਾਲ ਦਾ ਖਾਲੀ ਢਿੱਡ ਥਾਪੜ ਦਿਆਂ
ਇਕ ਪ੍ਰਸ਼ਨ ਚਿੰਨ੍ਹ
ਮਾਂ ਦੀਆਂ ਅੱਖਾਂ ਵਿਚ ਉਤਰ ਜਾਂਦੈ
ਕਿ ਥਾਪੜਨ ਦੀ ਆਵਾਜ਼ ਕਿਉਂ ਨਹੀਂ ਆਉਂਦੀ
ਖਬਰੇ ਕਿੰਨਾ ਚਿਰ ਗੁੰਮ ਰਹੇਗੀ
ਇਹ ਆਵਾਜ਼!!
ਚਾਂਦੀ ਦੀਆਂ ਅੱਖਾਂ ਵਾਲਿਆ
ਤੂੰ ਇਹ ਭਰਮ ਪਾਲਣਾ ਛੱਡ ਦੇ
ਕਿ ਸਦਾ ਇੰਜ ਹੀ ਰਹੇਗਾ।

—

## ਬਾਲ ਦਿਵਸ 'ਤੇ

ਅਸੀਂ ਨਿਕੇ ਨਿਕੇ ਬਾਲ ਕੁੜੇ
ਅਸੀਂ ਭਾਰਤ ਮਾਂ ਦੇ ਲਾਲ ਕੁੜੇ

ਅਸੀਂ ਫੁੱਲਾਂ ਵਰਗੇ ਸੁਹਣੇ ਨੀ
ਅਸੀਂ ਸੁਹਣੇ ਤੇ ਮਨਮੋਹਣੇ ਨੀਂ
ਸਾਡੇ ਵਰਗੇ ਹੋਰ ਨਾ ਹੋਣੇ ਨੀ

ਲਾਲੀ ਇੰਜ ਡਲਕਾਂ ਮਾਰੇ ਨੀ
ਜਿਵੇਂ ਡੁਲ੍ਹਿਆ ਹੋਏ ਗੁਲਾਲ ਕੁੜੇ
ਅਸੀਂ ਭਾਰਤ ਮਾਂ ਦੇ ਲਾਲ ਕੁੜੇ

ਹੈ ਸਾਰੇ ਜੱਗ ਤੋਂ ਨਿਆਰਾ ਨੀ
ਸਾਡਾ ਸੁਹਣਾ ਦੇਸ ਪਿਆਰਾ ਨੀ
ਅਸੀਂ ਲਾਈਏ ਅਮਨ ਦਾ ਨਾਅਰਾ ਨੀ

ਜਿੰਦ ਦੇਸ ਦੇ ਲੇਖੇ ਲਾ ਦੇਈਏ
ਤੇ ਰੱਖੀਏ ਅਣਖ ਸੰਭਾਲ ਕੁੜੇ
ਅਸੀਂ ਭਾਰਤ ਮਾਂ ਦੇ ਲਾਲ ਕੁੜੇ

ਅੱਜ ਬਾਲ ਦਿਹਾੜਾ ਆਇਆ ਏ
ਅਸੀਂ ਰੱਜ ਰੱਜ ਭੰਗੜਾ ਪਾਇਆ ਏ
ਸਾਡਾ ਵਿਹੜਾ ਅੱਜ ਰੁਸ਼ਨਾਇਆ ਏ

ਅੱਜ ਚਾਰ ਚੁਫੇਰੇ ਖੁਸ਼ੀਆਂ ਨੇ
ਅੱਜ ਹੋ ਗਈ ਬੜੀ ਕਮਾਲ ਕੁੜੇ
ਅਸੀਂ ਭਾਰਤ ਮਾਂ ਦੇ ਲਾਲ ਕੁੜੇ

ਅੱਜ ਦਸ ਤੇ ਚਾਰ ਨਵੰਬਰ ਨੀ
ਫੁੱਲਝੜੀਆਂ ਬਣਿਆ ਅੰਬਰ ਨੀ
ਕਿਸੇ ਚਾਂਦੀ ਰੰਗੀ ਬੱਦਲੀ ਦਾ
ਜਿਵੇਂ ਰਚਿਆ ਹੋਏ ਸਵੰਬਰ ਨੀ

ਆਉ ਪਿੜ ਬੰਨ੍ਹੀਏ ਗਿੱਧੇ ਦਾ
ਤੇ ਪਾਈਏ ਨੱਚ ਧਮਾਲ ਕੁੜੇ
ਅਸੀਂ ਭਾਰਤ ਮਾਂ ਦੇ ਲਾਲ ਕੁੜੇ

ਅਸੀਂ ਅੰਨ ਦੇ ਢੇਰ ਲਗਾ ਦੇਈਏ
ਧਰਤੀ ਦੀ ਹਿੱਕੜੀ ਗਾਹ ਦੇਈਏ
ਅੰਬਰ 'ਤੇ ਪੀਘਾਂ ਪਾ ਦੇਈਏ

ਅਸੀਂ ਡੱਕ ਦੇਈਏ ਤੁਫਾਨਾਂ ਨੂੰ
ਸਾਗਰ ਦੇਈਏ ਹੰਘਾਲ ਕੁੜੇ
ਅਸੀਂ ਭਾਰਤ ਮਾਂ ਦੇ ਲਾਲ ਕੁੜੇ

ਅਸੀਂ ਆਪਸ ਵਿਚ ਖੰਡ ਖੀਰ ਕੁੜੇ
ਅਸੀਂ ਭਗਤ ਸਿੰਘ ਦੇ ਵੀਰ ਕੁੜੇ
ਅਸੀਂ ਗੋਬਿੰਦ ਦੀ ਸ਼ਮਸ਼ੀਰ ਕੁੜੇ

ਅੱਖ ਭਰ ਕੇ ਤੱਕੇ ਸਾਡੇ ਵੱਲ
ਹੈ ਕੀਹਦੀ ਇਹ ਮਜਾਲ ਕੁੜੇ
ਅਸੀਂ ਭਾਰਤ ਮਾਂ ਦੇ ਲਾਲ ਕੁੜੇ

—

## ਧਰਤੀ ਸਾਡੀ ਮਾਂ

ਧਰਤੀ ਸਾਡੀ ਮਾਂ
ਸੂਰਜ ਬਾਬਲ ਦੇ ਵਿਹੜੇ ਵਿਚ ਲੈ ਸਾਵੀਂ ਫੁਲਕਾਰੀ ਆਈ
ਚਾਂਦੀ ਰੰਗੀ ਪਰਬਤ ਮਾਲਾ ਕੰਠ ਦੁਆਲੇ ਖੂਬ ਸਜਾਈ
ਰੰਗ ਬਰੰਗੇ ਫੁੱਲਾਂ ਪੱਤੀਆਂ ਅੰਬਰਾਂ ਤੀਕਣ ਮਹਿਕ ਖਿੰਡਾਈ
ਸਭ ਜੀਆਂ ਦੀ ਪਾਲਣਹਾਰੀ–
ਧਰਤੀ ਸਾਡੀ ਮਾਂ

ਜਦ ਵੀਰ ਮੇਘਲਾ ਅੰਬਰ ਵੱਲੋਂ ਨਚਦਾ ਢੋਲ ਵਜਾਉਂਦਾ ਆਵੇ
ਅੰਗ ਅੰਗ 'ਚੋਂ ਖੁਸ਼ਬੋ ਆਵੇ ਕਣ ਕਣ ਫਿਰ ਮੌਲਣ ਲੱਗ ਜਾਵੇ
ਆਪਣੀ ਹਿੱਕ 'ਤੇ ਅੰਨ ਉਗਾਵੇ ਭੁੱਖਿਆਂ ਤਾਈਂ ਖੂਬ ਰਜਾਵੇ
ਠੰਢੀ ਮਿੱਠੀ ਅਤੇ ਘਣੇਰੀ ਹੋ ਜਾਵੇ ਹਰ ਰੁੱਖ ਦੀ ਛਾਂ
ਧਰਤੀ ਸਾਡੀ ਮਾਂ।

ਇਸ ਦੀ ਹਿੱਕ 'ਤੇ ਸੁਹਣੇ ਨਿਰਮਲ ਨੀਰ ਦੇ ਚਸ਼ਮੇ ਵਗਦੇ
ਇਸ ਦੀ ਰਹਿਮਤ ਸਦਕਾ ਹੀ ਜੀਵਨ ਦੇ ਦੀਵੇ ਜਗਦੇ
ਇਸ ਨੂੰ ਵਾਹੁਣ ਤੇ ਬੀਜਣ ਵਾਲੇ ਦੇਵਤਿਆਂ ਜਹੇ ਲਗਦੇ
ਜਿੰਦੜੀ ਇਸ ਤੋਂ ਘੋਲ ਘੁਮਾਵਾਂ ਵਾਰੀ ਵਾਰੀ ਜਾਂ
ਧਰਤੀ ਸਾਡੀ ਮਾਂ

ਇਸ ਧਰਤੀ 'ਤੇ ਰੱਬਾ ਕਿਧਰੋਂ ਤੱਤੀ ਵਾ ਨਾ ਆਏ
ਰੂਪ ਇਹ ਦੇ ਨੂੰ ਨਜ਼ਰ ਕੁਲਹਿਣੀ ਕਿਧਰੇ ਲਗ ਨਾ ਜਾਏ
ਸੁਖੀ ਵਸੇਂਦੇ ਰਹਿਣ ਹਮੇਸਾਂ ਇਸ ਧਰਤੀ ਦੇ ਜਾਏ
ਜੰਨਤ ਵਰਗੇ ਸੁਹਣੇ ਬਣ ਜਾਣ ਕਸਬੇ ਸ਼ਹਿਰ ਗਰਾਂ
ਧਰਤੀ ਸਾਡੀ ਮਾਂ।

ਆਉ ਰਲ ਮਿਲ ਆਪਾਂ ਸਾਰੇ ਭਾਈਆਂ ਨੂੰ ਸਮਝਾਈਏ
ਜ਼ਹਿਰਾਂ ਪਾ ਪਾ, ਅੱਗਾਂ ਲਾ ਲਾ ਨਾ ਇਸਦਾ ਰੂਪ ਗਵਾਈਏ
ਆਪਣੀ ਜਣਨੀ ਦੀ ਕੁੱਖ ਨੂੰ ਕਿਉਂ ਆਪੇ ਬਾਂਝ ਬਣਾਈਏ
ਨਹੀਂ ਤਾਂ ਇਕ ਦਿਨ ਧਰਤੀ ਉਤੋਂ ਮਿਟ ਜਾਊ ਸਾਡਾ ਨਾਂ
ਧਰਤੀ ਸਾਡੀ ਮਾਂ।

---